# ਡਿਸਟੈਂਸ ਐਜੂਕੇਸ਼ਨ ਵਿਭਾਗ
# ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਲਾਸ : ਮਾਸਟਰ ਆਫ਼ ਲਾਇਬ੍ਰੇਰੀ ਅਤੇ ਸੂਚਨਾ ਵਿਗਿਆਨ — ਸਮੈਸਟਰ ਦੂਜਾ

ਪੇਪਰ : **MLIS 207** — ਯੂਨਿਟ : 1

(ਐਡਵਾਂਸਡ ਨਾਲੇਜ਼ ਆਰਗਨਾਈਜੇਸ਼ਨ **(a)** ਕਲਾਸੀਫਿਕੇਸ਼ਨ (ਪ੍ਰੈਕਟਿਸ)

ਮੀਡੀਅਮ : ਪੰਜਾਬੀ

ਪਾਠ ਨੰਬਰ :


1.1 ਯੂਨੀਵਰਸਲ ਡੈਸੀਮਲ ਕਲਾਸੀਫਿਕੇਸ਼ਨ (ਯੂ.ਡੀ.ਸੀ.) ਦੀ ਉਤਪੱਤੀ, ਵਿਕਾਸ ਅਤੇ ਮੌਜੂਦਾ ਰੁਝਾਨ

1.2 ਯੂ.ਡੀ.ਸੀ. ਦੇ ਸੰਖਿਪਤ ਅੰਗਰੇਜ਼ੀ ਸੰਸਕਰਣ (**AEE** 1961) ਦੇ ਵਿਸ਼ੇਸ਼ ਗੁਣ

1.3 ਨਿਰਵਿਸ਼ੇਸ਼

1.4 ਦਰਸ਼ਨ ਸ਼ਾਸ਼ਤਰ, ਮਨੋਵਿਗਿਆਨ, ਤਰਕ-ਸ਼ਾਸ਼ਤਰ, ਨੀਤੀ-ਸ਼ਾਸ਼ਤਰ, ਧਰਮ ਅਤੇ ਬ੍ਰਹਮ-ਵਿਗਿਆਨ

1.5 ਸਮਾਜ ਵਿਗਿਆਨ

1.6 ਭਾਸ਼ਾ ਵਿਗਿਆਨ ਅਤੇ ਸਾਹਿਤ

1.7 ਗਣਿਤ ਅਤੇ ਕੁਦਰਤੀ ਵਿਗਿਆਨ

1.8 ਵਿਹਾਰਕ-ਵਿਗਿਆਨ ਅਤੇ ਤਕਨਾਲੋਜੀ

1.9 ਕੋਮਲਕਲਾਵਾਂ, ਮਨੋਰੰਜਨ ਅਤੇ ਖੇਡਾਂ

1.10 ਭੂਗੋਲ, ਜੀਵਨੀ ਅਤੇ ਸਾਹਿਤ



**Department website : www.pbidde.org**

ਪਾਠ ਨੰਬਰ : 1.1

ਲੇਖਕ : ਕੇ.ਪੀ. ਸਿੰਘ
ਅਨੁਵਾਦਕ : ਡਾ. ਜਸਮੇਰ ਸਿੰਘ

# ਯੂਨੀਵਰਸਲ ਡੈਸੀਮਲ ਕਲਾਸੀਫਿਕੇਸ਼ਨ (ਯੂਡੀਸੀ) ਦੀ ਉਤਪਤੀ, ਵਿਕਾਸ ਅਤੇ ਮੌਜੂਦਾ ਰੁਝਾਨ
# (Genesis and Development of Universal Decimal Classification and Recent Trends)

## ਪਾਠ ਦੀ ਸੰਰਚਨਾ

1.0 ਸਿੱਖਣ ਦੇ ਉਦੇਸ਼
1.1 ਜਾਣ-ਪਛਾਣ
1.2 ਇਤਿਹਾਸ
1.3 ਉਦੇਸ਼
1.4 ਲਾਭ
1.5 ਵਿਸ਼ੇਸ਼ ਗੁਣ
1.5.1 ਵਰਗੀਕਰਣ ਦੀ ਕਿਸਮ
1.5.2 ਰਲਗੱਡ (Overlaps)
1.5.3 ਯੂਡੀਸੀ ਇੱਕ ਨਜ਼ਰੀਆ ਵਰਗੀਕਰਣ
1.5.4 ਯੂਡੀਸੀ ਦੀ ਸਪੱਸ਼ਟਤਾ
1.6 ਸੰਕੇਤਨਾਤਮਕ ਪ੍ਰਣਾਲੀ
1.6.1 ਯਾਦ ਸਹਾਇਕ
1.6.2 ਮਹਿਮਾਨ-ਨਿਵਾਜ਼ੀ (Hospitality)
1.6.3 ਪਹਿਲੂ ਬਣਾਉਣੇ ਅਤੇ ਸੰਸਲੇਸ਼ਣ
1.6.4 ਅੰਤਰ ਵਿਧੀ (Intercalation)
1.7 ਯੂਡੀਸੀ ਦਾ ਢਾਂਚਾ
1.7.1 ਨਿਯਮਿਤ ਸਾਰਣੀਆਂ
1.7.1.1 ਸਾਂਝੇ ਆਰਜ਼ੀਲੀਅਰੀ ਸੰਕੇਤ
1.7.1.2 ਸਾਂਝੀ ਆਰਜ਼ੀਲੀਅਰੀ ਉਪ-ਵੰਡਾਂ
1.7.1.3 ਮੁੱਖ ਸਾਰਣੀਆਂ
1.7.1.4 ਅਨੁਕ੍ਰਮਣਿਕਾ
1.8 ਮੁੱਖ ਸਾਰਣੀਆਂ
1.9 ਯੂਡੀਸੀ ਦੀ ਦੇਖਭਾਲ ਅਤੇ ਸੋਧ
1.10 ਯੂਡੀਸੀ ਦੇ ਗੁਣ ਅਤੇ ਦੋਸ਼
1.11 ਹਵਾਲੇ ਅਤੇ ਹੋਰ ਪੜ੍ਹਨ ਲਈ ਪੁਸਤਕਾਂ

## 1.0 ਸਿੱਖਣ ਦੇ ਉਦੇਸ਼

ਲਾਇਬ੍ਰੇਰੀ ਵਿੱਚ ਇਕੱਤਰ ਕੀਤੇ ਗਏ ਪ੍ਰਲੇਖਾਂ ਨੂੰ ਠੀਕ ਢੰਗ ਨਾਲ ਸੰਭਾਲਣ ਲਈ ਲਾਇਬ੍ਰੇਰੀ ਵਰਗੀਕਰਣ ਇੱਕ ਮੂਲ ਸੰਦ ਦੇ ਤੌਰ 'ਤੇ ਕੰਮ ਕਰਦੀ ਹੈ। ਆਧੁਨਿਕ ਯੁੱਗ ਵਿੱਚ ਇਹ ਲਾਇਬ੍ਰੇਰੀ ਸੰਗ੍ਰਹਿ ਵਿੱਚੋ ਪੁਸਤਕਾਂ ਲੱਭਣ ਅਤੇ ਮੁੜ ਪ੍ਰਾਪਤ ਕਰਨ ਹਿੱਤ ਉਪਯੋਗੀ ਸਾਬਤ ਹੋਈ ਹੈ। ਯੂਨੀਵਰਸਲ ਡੈਸੀਮਲ

ਕਲਾਸੀਫਿਕੇਸ਼ਨ (ਯੂਡੀਸੀ) ਦਾ ਮੂਲ ਢਾਂਚਾ ਦੁਨੀਆ ਦੀ ਸਭ ਤੋਂ ਪੁਰਾਣੀ ਵਰਗੀਕਰਣ ਪ੍ਰਣਾਲੀ ਅਰਥਾਤ ਡਿਊਈ ਡੈਸੀਮਲ ਕਲਾਸੀਫਿਕੇਸ਼ਨ (ਡੀਡੀਸੀ) 'ਤੇ ਆਧਾਰਿਤ ਹੈ। ਇਸਦੀ ਰਚਨਾ ਪਾਲ ਆਟਲੇਟ (1869–1944) ਅਤੇ ਨੋਬੇਲ ਪੁਰਸਕਾਰ ਜੇਤੂ ਹੈਨਰੀ ਲਾ ਫਾਨਟੇਨ (1854–1943) ਨਾਮੀ ਦੋ ਮਸ਼ਹੂਰ ਵਿਦਵਾਨਾਂ ਦੁਆਰਾ ਕੀਤੀ ਗਈ ਸੀ। ਇਹ ਪਹਿਲੀ ਵਾਰ ਫਰਾਂਸੀਸੀ ਭਾਸ਼ਾ ਵਿੱਚ 1904–1907 ਦੌਰਾਨ ਪ੍ਰਕਾਸ਼ਿਤ ਹੋਈ ਸੀ।

ਇਸ ਅਧਿਆਇ ਨੂੰ ਪੜ੍ਹਨ ਉਪਰੰਤ ਤੁਸੀਂ :

* ਯੂਡੀਸੀ ਅਤੇ ਇਸਦੇ ਵੱਖ-ਵੱਖ ਸੰਸਕਰਣਾਂ ਦੇ ਇਤਿਹਾਸ, ਉਤਪਤੀ ਅਤੇ ਵਿਕਾਸ ਬਾਰੇ ਜਾਣੂ ਹੋ ਸਕੋਗੇ;
* ਇਸਦੀ ਸੰਕੇਤਨਾਤਮਕ (Notational) ਪ੍ਰਣਾਲੀ ਨੂੰ ਸਮਝ ਸਕੋਗੇ;
* ਯੂਡੀਸੀ ਦੇ ਮੁੱਖ ਵਿਸ਼ੇਸ਼ ਗੁਣਾਂ ਨੂੰ ਜਾਣ ਸਕੋਗੇ;
* ਇਸ ਵਰਗੀਕਰਣ ਪ੍ਰਣਾਲੀ ਵਿੱਚ ਵਰਤੀਆਂ ਗਈਆਂ ਆਗਜ਼ੀਲੀਅਰੀ ਸਾਰਣੀਆਂ ਅਤੇ ਸੰਕੇਤਾਂ ਦੀ ਜਾਣਕਾਰੀ ਹਾਸਲ ਕਰ ਸਕੋਗੇ;
* ਯੂਡੀਸੀ ਦੀ ਸਾਂਭ-ਸੰਭਾਲ ਅਤੇ ਸੋਧ ਬਾਰੇ ਜਾਣੂ ਹੋ ਸਕੋਗੇ, ਅਤੇ
* ਇਸਦੇ ਗੁਣਾਂ ਅਤੇ ਦੋਸ਼ਾਂ ਬਾਰੇ ਜਾਣਕਾਰੀ ਹਾਸਲ ਕਰ ਸਕੋਗੇ।

## 1.1 ਜਾਣ-ਪਛਾਣ

ਯੂਡੀਸੀ ਸ਼ਬਦ-ਸੰਖੇਪ ਯੂਨੀਵਰਸਲ ਡੈਸੀਮਲ ਕਲਾਸੀਫੀਕੇਸ਼ਨ ਲਈ ਵਰਤਿਆ ਜਾਂਦਾ ਹੈ। ਇਸ ਵਿੱਚ ਵਰਗੀਕਰਣ ਪ੍ਰਣਾਲੀ ਦੀ ਗਿਣਨਾਤਮਕ (Enumerative) ਅਤੇ ਪਹਿਲੂ ਵਾਲੇ ਦੋਹਾਂ ਪ੍ਰਕਾਰ ਦੇ ਗੁਣ ਪਾਏ ਜਾਂਦੇ ਹਨ, ਜਿਨ੍ਹਾਂ ਕਰਕੇ ਇਸਨੂੰ ਲਗਭਗ ਪਹਿਲੂ-ਉਪਬੰਧ ਵਾਲੀ ਵਰਗੀਕਰਣ ਪ੍ਰਣਾਲੀ ਮੰਨਿਆ ਜਾਂਦਾ ਹੈ। ਯੂਡੀਸੀ ਦੀ ਵਰਤੋਂ ਨਾਲ ਪ੍ਰਲੇਖਾਂ ਨੂੰ ਵਿਸ਼ੇਵਾਰ ਤਰਤੀਬ ਦੇਣ ਅਤੇ ਲੋੜ ਅਨੁਸਾਰ ਸ਼ੈਲਫਾਂ ਤੋਂ ਮੁੜ ਪ੍ਰਾਪਤ ਕਰਨ ਵਿੱਚ ਮਦਦ ਮਿਲਦੀ ਹੈ। ਇਹ ਵਰਗੀਕਰਣ ਪ੍ਰਣਾਲੀ ਵਿਗਿਆਨ ਅਤੇ ਤਕਨਾਲੋਜੀ ਨਾਲ ਸਬੰਧਤ ਵਿਸ਼ਿਆਂ ਲਈ ਵਧੇਰੇ ਲਾਭਦਾਇਕ ਸਾਬਤ ਹੋਈ ਹੈ। ਗਿਆਨ ਜਗਤ ਵਿੱਚ ਹੋ ਰਹੇ ਲਗਾਤਾਰ ਵਾਧੇ ਨੂੰ ਧਿਆਨ ਵਿੱਚ ਰੱਖਦੇ ਹੋਏ ਇਸ ਵਰਗੀਕਰਣ ਪ੍ਰਣਾਲੀ ਦੀ ਲਗਾਤਾਰ ਸੋਧ ਕੀਤੀ ਜਾਂਦੀ ਰਹੀ ਹੈ। ਇਸੀ ਕਾਰਨ ਇਸਦੇ ਵੱਖ-ਵੱਖ ਭਾਸ਼ਾਵਾਂ ਅਤੇ ਆਕਾਰਾਂ ਵਿੱਚ ਵਾਧੇ ਵਾਲੇ ਅਤੇ ਸੋਧੇ ਹੋਏ ਸੰਸਕਰਣ ਛਪਦੇ ਰਹਿੰਦੇ ਹਨ।

## 1.2 ਇਤਿਹਾਸ

ਇੱਕ ਨੌਜਵਾਨ ਬੈਲਜੀਅਨ ਵਕੀਲ ਪਾਲ ਆਟਲੇਟ (1869–1944) ਅਤੇ ਉਸਦੇ ਸਹਿਯੋਗੀ ਹੈਨਰੀ ਲਾ ਫਾਨਟੇਨ (1854–1943) ਨੇ ਨਵੀਂ ਸਥਾਪਿਤ ਕੀਤੀ ਗਈ ਇੰਸਟੀਚਿਊਟ-ਦ-ਬਿਬਲਿਓਗ੍ਰਾਫ਼ੀਜ਼ (ਆਈ.ਆਈ.ਬੀ.) ਲਈ ਕੰਮ ਕਰਦੇ ਹੋਏ ਯੂਨੀਵਰਸਲ ਬਿਬਲਿਊਗ੍ਰਾਫੀ ਬਣਾਉਣ ਦੇ ਪ੍ਰਾਜੈਕਟ ਨੂੰ ਆਰੰਭ ਕੀਤਾ। ਇਸ ਪ੍ਰਾਜੈਕਟ ਅਧੀਨ ਸੰਸਾਰ ਵਿੱਚ ਉਪਲਬਧ ਸਾਰੇ ਦੇ ਸਾਰੇ ਲਿਖਿਤ ਪ੍ਰਲੇਖਾਂ ਦੀ ਬਿਬਲਿਊਗ੍ਰਾਫੀ ਬਣਾਉਣ ਦਾ ਕੰਮ ਆਰੰਭ ਕੀਤਾ ਗਿਆ ਅਤੇ ਪ੍ਰਲੇਖਾਂ ਦੇ ਇੰਦਰਾਜਾਂ (Entries) ਨੂੰ ਤਰਤੀਬ ਦੇਣ ਲਈ ਉਸ ਸਮੇਂ ਉਪਲਬਧ ਡੀਡੀਸੀ ਦੇ ਪੰਜਵੇਂ ਸੰਸਕਰਣ (1894) ਨੂੰ ਫਰਾਂਸੀਸੀ ਭਾਸ਼ਾ ਵਿੱਚ ਅਨੁਵਾਦ ਕਰਨ ਲਈ ਇਜਾਜ਼ਤ ਮੰਗੀ। ਡੈਸੀਮਲ ਸੰਕੇਤਨ ਵਿੱਚ ਵਿਦਮਾਨ ਵਿਆਪਕ ਵਿਸਤਾਰਸ਼ੀਲਤਾ ਦੀ ਤਾਕਤ ਨੂੰ ਮਹਿਸੂਸ ਕਰਕੇ ਪਾਲ ਆਟਲੇਟ ਅਤੇ ਲਾ ਫਾਨਟੇਨ ਨੇ ਬਿਬਲਿਊਗ੍ਰਾਫੀ ਬਣਾਉਣ ਦੇ ਕੰਮ ਵਿੱਚ ਵਰਤੋਂ ਲਈ ਇੱਕ ਨਵੀਂ ਵਰਗੀਕਰਣ ਪ੍ਰਣਾਲੀ ਤਿਆਰ ਕੀਤੀ, ਜਿਹੜੀ ਕਿ ਯੂਨੀਵਰਸਨ ਡੈਸੀਮਲ ਕਲਾਸੀਫਿਕੇਸ਼ਨ ਦੇ ਰੂਪ ਵਿੱਚ ਉਜਾਗਰ ਹੋਈ। ਭਾਵੇਂ ਯੂਡੀਸੀ ਦਾ ਢਾਂਚਾ ਡੀਡੀਸੀ ਨਾਲ ਮੇਲ ਖਾਂਦਾ ਹੈ, ਪਰ ਇਹ ਡੀਡੀਸੀ ਵਾਂਗ ਗਿਣਨਾਤਮਕ ਵਰਗੀਕਰਣ ਪ੍ਰਣਾਲੀ ਨਹੀਂ ਮੰਨੀ ਜਾਂਦੀ ਅਤੇ ਲਗਭਗ ਪਹਿਲੂ ਉਪਬੰਧ ਵਾਲੀ ਵਰਗੀਕਰਣ ਦੇ ਰੂਪ ਵਿੱਚ ਉਭਰ ਕੇ ਸਾਹਮਣੇ ਆਈ ਹੈ। ਇਸ ਵਿੱਚ ਭੂਤਕਾਲ, ਵਰਤਮਾਨ ਕਾਲ ਅਤੇ ਇੱਥੋਂ ਤੱਕ ਕਿ ਭਵਿੱਖ ਵਿੱਚ ਜਨਮ ਲੈਣ ਵਾਲੇ ਸੰਯੁਕਤ ਅਤੇ ਗੁੰਝਲਦਾਰ (Complex) ਵਿਸ਼ਿਆਂ ਨੂੰ ਵਰਗੀਕ੍ਰਿਤ ਕਰਨ ਦੀ ਸਮਰੱਥਾ ਹੈ। ਪਰਿਣਾਮ ਵਜੋਂ ਯੂਡੀਸੀ ਦੀ ਫਰਾਂਸੀਸੀ ਭਾਸ਼ਾ ਵਿੱਚ ਇੱਕ ਵਿਆਪਕ ਵਰਗੀਕਰਣ ਪ੍ਰਣਾਲੀ "Handbook to the Universal Bibliographic Repertory (Manual du Repertoive Bibliographique Universal) ਸੰਨ 1904 ਤੋਂ 1907 ਦੌਰਾਨ ਆਈ.ਆਈ.ਬੀ. (IIB) ਦੁਆਰਾ ਪ੍ਰਕਾਸ਼ਿਤ ਕੀਤੀ ਗਈ।

ਯੂਡੀਸੀ ਦੇ ਵਿਕਾਸ ਅਤੇ ਵੱਖ-ਵੱਖ ਸੰਸਕਰਣਾਂ ਦਾ ਬਿਉਰਾ ਨਿਮਨ ਸਾਰਣੀ ਦੁਆਰਾ ਪੇਸ਼ ਕੀਤਾ ਜਾਂਦਾ ਹੈ :-

| ਪ੍ਰਕਾਸ਼ਕ | ਸੰਸਕਰਣ | ਪ੍ਰਕਾਸ਼ਨ ਸਾਲ | ਸਿਰਲੇਖ | ਭਾਸ਼ਾ | |
|---|---|---|---|---|---|
| ਆਈ.ਆਈ.ਬੀ. (ਇੰਸਟੀਚਿਊਟ ਦ ਬਿਬਲਿਉਗ੍ਰਾਫੀ) | ਪਹਿਲਾ ਸੰਸਕਰਣ | 1904-1907 | ਮੈਨੁਅਲ ਦਾ ਰੇਪਰਟੋਇਰ ਬਿਬਲਿਉਗ੍ਰਾਫਿਕ ਯੂਨੀਵਰਸਲ | ਫ੍ਰੈਂਚ | 33,00 |
| - ਉਹੀ - | ਦੂਜਾ ਸੰਸਕਰਣ ਸੰਪਾਦਕ : ਪਾਲ ਆਟਲੇਟ ਅਤੇ ਲਾ ਫਾਨਟੇਨ | 1927-1933 | ਕਲਾਸੀਫਿਕੇਸ਼ਨ ਡੈਸੀਮਲ ਯੂਨੀਵਰਸਲ | ਫ੍ਰੈਂਚ | 70,00 |
| - ਉਹੀ - | ਤੀਜਾ ਸੰਸਕਰਣ ਸੰਪਾਦਕ : ਕਾਰਲ ਵਾਲਦੇਰ | 1934-1951 7 ਭਾਗ : ਸਾਰਣੀਆਂ 3 ਭਾਗ : ਅਨੁਕ੍ਰਮਣਿਕਾ | - ਉਹੀ- | ਜਰਮਨ | 1,40,000 |
| ਐਚ.ਐਮ. ਸਟੇਸ਼ਨਰੀ ਆਫ਼ਿਸ | ਤੀਜਾ ਸੰਸਕਰਣ | 1936 | ਕਲਾਸੀਫਿਕੇਸ਼ਨ ਫਾਰ ਵਰਕਸ ਇਨ ਪਿਊਰ ਐਂਡ ਅਪਲਾਈਡ ਸਾਇੰਸ ਮਿਊਜ਼ੀਅਮ ਲਾਇਬ੍ਰੇਰੀ | ਅੰਗ੍ਰੇਜ਼ੀ | 6,000 |
| ਬ੍ਰਿਟਿਸ਼ ਸਟੈਂਡਰਡ ਇੰਸਟੀਚਿਊਟ (ਬੀ.ਐਸ.ਆਈ.) | ਸੰਖਿਪਤ ਸੰਸਕਰਣ ਬੀ.ਐਸ. 1000 ਏ | 1948 | ਯੂਨੀਵਰਸਲ ਡੈਸੀਮਲ ਕਲਾਸੀਫਿਕੇਸ਼ਨ (ਯੂਡੀਸੀ) | -ਉਹੀ- | |
| - ਉਹੀ - | ਸ਼ੋਧਿਤ ਦੂਜਾ ਸੰਖਿਪਤ ਸੰਸਕਰਣ ਬੀ.ਐਸ. 1000 ਏ | 1957 | - ਉਹੀ - | -ਉਹੀ- | |
| - ਉਹੀ - | ਸ਼ੋਧਿਤ ਤੀਜਾ ਸੰਖਿਪਤ ਸੰਸਕਰਣ ਬੀ.ਐਸ. 1000 ਏ | 1961 | -ਉਹੀ- | -ਉਹੀ- | |
| - ਉਹੀ - | ਅੰਤਰਰਾਸ਼ਟਰੀ ਮੀਡੀਅਮ ਸੰਸਕਰਣ ਬੀ.ਐਸ.1000ਐਮ | 2 ਭਾਗਾਂ ਵਿੱਚ ਭਾਗ-1: 1985 ਤਰਤੀਬਤ ਸਾਰਣੀਆਂ ਭਾਗ-2: 1988 ਅਨੁਕ੍ਰਮਣਿਕਾ | -ਉਹੀ- | -ਉਹੀ- | |
| -ਉਹੀ- | ਦੂਜਾ ਮੀਡੀਅਮ ਸੰਸਕਰਣ (IME) | 1993 | -ਉਹੀ- | -ਉਹੀ- | |
| -ਉਹੀ- | -ਉਹੀ- ਰੀਪ੍ਰਿੰਟ | 1998 | -ਉਹੀ- | -ਉਹੀ- | |

ਯੂਡੀਸੀ ਦੀ ਸਾਂਭ-ਸੰਭਾਲ ਲਈ ਅਜੇ ਵੀ ਅੰਗ੍ਰੇਜ਼ੀ, ਫ੍ਰੈਂਚ ਅਤੇ ਜਰਮਨ; ਅਧਿਕਾਰਤ ਭਾਸ਼ਾਵਾਂ ਦੇ ਤੌਰ 'ਤੇ ਵਰਤੀਆਂ ਜਾਂਦੀਆਂ ਹਨ। ਸੰਨ 1931 ਵਿੱਚ "The Institute International de Bibliographie (IIB)" ਦਾ ਨਾਂ ਬਦਲ ਕੇ "The Institute International Documentation (IID)" ਕੀਤਾ ਗਿਆ। ਫੇਰ ਸੰਨ 1937 ਵਿੱਚ ਇਹ ਨਾਂ ਬਦਲ ਕੇ Federation International de Documentation (FID) ਕੀਤਾ ਗਿਆ। ਸੰਨ 1992 ਤੋਂ ਪਹਿਲਾਂ ਐਫ.ਆਈ.ਡੀ. (FID) ਯੂਡੀਸੀ ਦੀ ਸਾਂਭ-ਸੰਭਾਲ ਲਈ ਜ਼ਿੰਮੇਵਾਰ ਸੀ, ਪਰ ਯੂਡੀਸੀ ਰਾਸ਼ਟਰ-ਸੰਘ (UDC-Consortium) ਦੀ ਸਥਾਪਨਾ ਤੋਂ ਬਾਅਦ ਇਸਦੀ ਸਾਂਭ-ਸੰਭਾਲ ਯੂਡੀਸੀ ਰਾਸ਼ਟਰ-ਸੰਘ ਦੀ ਜ਼ਿੰਮੇਵਾਰੀ ਬਣ ਗਈ ਹੈ। ਸੰਨ 1949 ਤੋਂ ਯੂਡੀਸੀ ਵਿੱਚ ਕੀਤੀਆਂ ਗਈਆਂ ਸੋਧਾਂ ਅਤੇ ਵਾਧੇ "Extensions and Corrections to the UDC" ਨਾਮੀ ਲੜੀਵਾਰ ਪ੍ਰਕਾਸ਼ਨ ਵਿੱਚ ਛਪਦੀਆਂ ਹਨ। ਪਹਿਲਾਂ ਇਹ ਪ੍ਰਕਾਸ਼ਨ 6 ਮਹੀਨੇ ਦੇ ਅੰਤਰਾਲ ਨਾਲ ਛਪਦੀ ਸੀ, ਪਰ ਹੁਣ ਇਹ ਸਾਲ ਵਿੱਚ ਇੱਕ ਵਾਰ ਛਪਦੀ ਹੈ। ਹੁਣ ਤੱਕ ਯੂਡੀਸੀ ਦਾ ਅਨੁਵਾਦ ਵਿਸ਼ਵ ਦੀਆਂ 23 ਭਾਸ਼ਾਵਾਂ ਵਿੱਚ ਕੀਤਾ ਜਾ ਚੁੱਕਿਆ ਹੈ। ਇੱਕ ਤਿੰਨ-ਭਾਸ਼ੀ ਸੰਸਕਰਣ BS1000B 1958 ਵਿੱਚ ਪ੍ਰਕਾਸ਼ਿਤ ਕੀਤਾ ਗਿਆ। ਇਸ ਸੰਸਕਰਣ ਦਾ ਪਾਠ ਤਿੰਨ ਖੜ੍ਹੇ ਰੂਪ ਕਤਾਰਾਂ (Columns) ਵਿੱਚ ਉਪਲਬਧ ਹੈ। ਇਨ੍ਹਾਂ ਕਤਾਰਾਂ ਵਿੱਚ ਕ੍ਰਮਵਾਰ ਜਰਮਨ, ਅੰਗ੍ਰੇਜ਼ੀ ਅਤੇ ਫ੍ਰੈਂਚ ਭਾਸ਼ਾ ਵਰਤੀ ਗਈ ਹੈ ਅਤੇ ਚੌਥੀ ਕਤਾਰ ਵਿੱਚ ਸੰਕੇਤਨ ਦਾ ਵੇਰਵਾ ਦਿੱਤਾ ਗਿਆ ਹੈ। ਇਸ ਤਿੰਨ-ਭਾਸ਼ੀ ਸੰਸਕਰਣ ਵਿੱਚ ਤਿੰਨ ਅੱਡ-ਅੱਡ ਭਾਸ਼ਾਵਾਂ ਦੀਆਂ ਅਨੁਕ੍ਰਮਣਿਕਾਵਾਂ ਹਨ। ਇਸਦਾ ਪੂਰਕ ਭਾਗ 1968 ਵਿੱਚ ਛਪਿਆ ਸੀ।

### 1.3 **ਉਦੇਸ਼** :

ਯੂਡੀਸੀ ਹੇਠ ਲਿਖੇ ਉਦੇਸ਼ਾਂ ਦੀ ਪੂਰਤੀ ਲਈ ਬਣਾਈ ਗਈ ਸੀ :-

(i) ਲਾਇਬ੍ਰੇਰੀ ਵਿੱਚ ਪਾਠਕਾਂ ਦੀ ਵਰਤੋਂ ਲਈ ਪੁਸਤਕਾਂ ਨੂੰ ਸ਼ੈਲਫ਼ਾਂ ਤੇ ਸਹਾਇਕ ਕ੍ਰਮ ਵਿੱਚ ਤਰਤੀਬ ਦੇਣ ਲਈ, ਭਾਵ ਸ਼ੈਲਫ਼ ਤਰਤੀਬ ਲਈ।

(ii) ਕਾਰਡ ਕੈਟਾਲਾਗ ਅਤੇ ਛਪੀਆਂ ਹੋਈਆਂ ਬਿਬਲਿਓਗ੍ਰਾਫ਼ੀਆਂ ਵਿੱਚ ਵਰਗ ਅੰਕ ਦੇ ਰੂਪ ਵਿੱਚ ਪੁਸਤਕਾਂ ਦਾ ਨਿੱਜੀ ਬਦਲ (Substitute) ਦੇਣ ਲਈ।

(iii) ਉਪਰ ਲਿਖੀਆਂ ਦੋਵੇਂ ਲੋੜਾਂ ਅੱਜ ਵੀ ਵਿਦਮਾਨ ਹਨ, ਪਰ ਅੱਜਕੱਲ੍ਹ ਦੂਜੀ ਲੋੜ ਵੱਲ ਵਧੇਰੇ ਧਿਆਨ ਕੇਂਦ੍ਰਿਤ ਹੋ ਰਿਹਾ ਹੈ। ਯੂਡੀਸੀ ਹੀ ਇੱਕੋ-ਇੱਕ ਅਜਿਹੀ ਪ੍ਰਣਾਲੀ ਹੈ, ਜਿਸਨੂੰ ਮੁੱਖ ਰੂਪ ਵਿੱਚ ਇਸ ਉਦੇਸ਼ ਦੀ ਪੂਰਤੀ ਲਈ ਬਣਾਇਆ ਅਤੇ ਲਗਾਤਾਰ ਵਿਕਸਿਤ ਕੀਤਾ ਜਾਂਦਾ ਰਿਹਾ ਹੈ।

### 1.4 **ਲਾਭ**

ਕਿਸੇ ਵੀ ਤਕਨੀਕੀ ਜਾਂ ਸੂਚਨਾ ਸੇਵਾ ਦੇਣ ਵਾਲੀ ਲਾਇਬ੍ਰੇਰੀ ਲਈ ਯੂਡੀਸੀ ਸਰਲ ਅਤੇ ਵਿਆਪਕ ਵਰਗੀਕਰਣ ਪ੍ਰਣਾਲੀ ਹੈ। ਇਸ ਪ੍ਰਣਾਲੀ ਨੂੰ ਇੰਡੈਕਸਿੰਗ, ਫਾਈਲਿੰਗ ਜਾਂ ਸ਼ੈਲਵਿੰਗ, ਬਿਬਲਿਉਗ੍ਰਾਫੀਆਂ ਅਤੇ ਸ਼ਬਦਾਵਲੀਆਂ ਬਣਾਉਣ ਜਾਂ ਮਾਤਰ ਅੰਤਰਰਾਸ਼ਟਰੀ ਸੰਚਾਰ ਹਿੱਤ ਮਦਦਗਾਰ ਵਜੋਂ ਵਰਤਿਆ ਜਾ ਸਕਦਾ ਹੈ। ਬਹੁਤ ਸਾਰੇ ਤਕਨੀਕੀ ਸੁਲੇਖਾਂ ਜਿਵੇਂ ਕਿ ਬ੍ਰਿਟਿਸ਼ ਸਟੈਂਡਰਡਜ਼ ਤੇ ਯੂਡੀਸੀ ਦੇ ਹਵਾਲੇ ਮਿਲਦੇ ਹਨ। ਇਹ ਪ੍ਰਣਾਲੀ ਰਿਪੋਰਟਾਂ, ਕਾਨਫ਼ਰੰਸ ਪੇਪਰਾਂ ਅਤੇ ਕਾਰਵਾਈਆਂ, ਲੇਖਾਂ, ਸਾਰਾਸ਼ਾਂ, ਅਖ਼ਬਾਰਾਂ ਦੀਆਂ ਕਤਰਨਾਂ, ਬਿਬਲਿਉਗ੍ਰਾਫੀਆਂ, ਸ਼ਬਦਾਵਲੀਆਂ, ਹੋਰ ਸੂਚੀਆਂ ਅਤੇ ਨਾਨ-ਬੁੱਕ ਮੈਟੀਰੀਅਲਾਂ ਆਦਿ ਲਈ ਵੀ ਲਾਗੂ ਕੀਤੀ ਜਾ ਸਕਦੀ ਹੈ। ਇਸ ਦੀ ਵਰਤੋਂ ਨਾਨ-ਬੁੱਕ ਮੈਟੀਰੀਅਲ ਵਿਚਕਾਰ ਅਦਲਾ-ਬਦਲੀ ਲਈ ਵੀ ਸਹਾਇਕ ਹੁੰਦੀ ਹੈ। ਇਸ ਦੀ ਮਦਦ ਨਾਲ ਵਿਭਾਗਾਂ, ਸੰਸਥਾਵਾਂ ਅਤੇ ਸਰਕਾਰੀ ਅਦਾਰਿਆਂ ਵਿਚਕਾਰ ਸੂਚਨਾ ਦੀ ਅਦਲਾ-ਬਦਲੀ ਸੰਭਵ ਹੋ ਜਾਂਦੀ ਹੈ। ਇਹ ਭਾਸ਼ਾ ਦੀ ਰੁਕਾਵਟਾਂ ਨੂੰ ਦੂਰ ਕਰਕੇ ਤਕਨੀਕੀ ਸ਼ਬਦਾਵਲੀਆਂ ਵਿੱਚ ਤੁਲਨਾਤਮਕ ਟਰਮੀਨਾਲੋਜੀ ਵਿਕਸਤ ਕਰਨ ਲਈ ਵੀ ਵਰਤੀ ਜਾ ਸਕਦੀ ਹੈ।

### 1.5 **ਯੂਡੀਸੀ ਦੇ ਵਿਲੱਖਣ ਗੁਣ**

ਯੂਡੀਸੀ ਵਿੱਚ ਹੇਠ ਲਿਖੇ ਵਿਲੱਖਣ ਗੁਣ ਮਿਲਦੇ ਹਨ :-

1.5.1 **ਵਰਗੀਕਰਣ ਦੀ ਕਿਸਮ** :- ਵਰਗੀਕਰਣ ਸੰਕਲਪਾਂ ਜਾਂ ਅਨੁਭਵਾਂ ਜਾਂ ਸੂਚਨਾ ਦੀਆਂ ਮੱਦਾਂ

ਦੀ ਬਹੁਤਾਤ ਨੂੰ ਤਰਤੀਬਤ ਕਰਨ ਦਾ ਇੱਕ ਸਾਧਨ ਹੈ। ਵਰਗੀਕਰਣ ਸੰਕਲਪ ਜਾਂ ਮੱਦਾਂ ਨੂੰ ਉਨ੍ਹਾਂ ਵਰਗਾਂ ਦੇ ਰੂਪ ਵਿੱਚ ਤਰਤੀਬ ਦਿੰਦੀ ਹੈ, ਜਿਨ੍ਹਾਂ ਵਿੱਚ ਕੁਝ ਗੱਲਾਂ ਸਾਂਝੀਆਂ ਹੁੰਦੀਆਂ ਹਨ। ਇੱਕ ਵਰਗ ਨੂੰ ਛੋਟੇ ਵਰਗਾਂ ਵਿੱਚ ਵੰਡਿਆ ਜਾ ਸਕਦਾ ਹੈ। ਯੂਡੀਸੀ ਆਪਣੇ ਗੁਣਾਂ ਵਜੋਂ ਪਹਿਲੂ ਵਾਲੀ ਵਰਗੀਕਰਣ ਪ੍ਰਣਾਲੀ ਮੰਨੀ ਜਾਂਦੀ ਹੈ। ਇਸ ਤੋਂ ਭਾਵ ਹੈ ਕਿ ਯੂਡੀਸੀ ਵਿੱਚ ਬਹੁਤ ਸਾਰੀਆਂ ਸ਼੍ਰੇਣੀਆਂ ਵਿੱਚ ਮਿਲਦੇ ਸਾਂਝੇ ਵਿਲੱਖਣ ਗੁਣਾਂ ਦੀ ਪਛਾਣ ਕੀਤੀ ਜਾਂਦੀ ਹੈ ਅਤੇ ਫੇਰ ਇਨ੍ਹਾਂ ਨੂੰ ਪਹਿਲੂਆਂ ਦੇ ਰੂਪ ਵਿੱਚ ਲਿਸਟਾਂ ਜਾਂ ਸਾਰਣੀਆਂ ਵਿੱਚ ਤਰਤੀਬ ਦਿੱਤੀ ਜਾਂਦੀ ਹੈ।

1.5.2 **ਰਲਗੱਡ (Overlaps)** :– ਵਰਗੀਕਰਣ ਪ੍ਰਣਾਲੀ ਵਿੱਚ ਪਛਾਣੀਆਂ ਗਈਆਂ ਸ਼੍ਰੇਣੀਆਂ ਪੂਰੀ ਤਰ੍ਹਾਂ ਇੱਕ ਦੂਜੀ ਤੋਂ ਅੱਡ ਨਹੀਂ ਹੁੰਦੀਆਂ, ਸਗੋਂ ਬਹੁਤ ਵਾਰ ਰਲਗੱਡ ਹੋ ਜਾਂਦੀਆਂ ਜਾਪਦੀਆਂ ਹਨ। ਵਿਗਿਆਨਿਕ ਵਰਗੀਕਰਣਾਂ ਨੂੰ ਪ੍ਰਲੇਖੀ ਵਰਗੀਕਰਣਾਂ ਵਿੱਚ ਸਮਿਲਤ ਕੀਤਾ ਜਾ ਸਕਦਾ ਹੈ, ਜਿਵੇਂ ਕਿ ਯੂਡੀਸੀ ਵਿੱਚ 549 ਵਰਗ ਅੰਕ ਹੇਠ ਲਿਖਿਆ ਮਿਲਦਾ ਹੈ (ਕਿ ਭਾਵੇਂ ਇਹ ਬਾਹਰੀ ਰੂਪ ਵਿੱਚ) 58 ਅਤੇ 59 ਦਾ ਹਿੱਸਾ ਨਹੀਂ ਹਨ।

1.5.3 **ਯੂਡੀਸੀ ਇੱਕ ਨਜ਼ਰੀਆ ਵਰਗੀਕਰਣ** :– ਯੂਡੀਸੀ ਬਹੁਤ ਸਾਰੀਆਂ ਆਮ ਵਰਗੀਕਰਣ ਪ੍ਰਣਾਲੀਆਂ ਵਾਂਗ ਪੱਖ ਜਾਂ ਨਜ਼ਰੀਆ ਵਰਗੀਕਰਣ ਹੈ। ਇਸ ਵਿੱਚ ਤੱਥਾਂ ਨੂੰ ਉਸ ਵਿਸ਼ੇ ਦੇ ਪ੍ਰਸੰਗ ਅਨੁਸਾਰ ਵਰਗੀਕ੍ਰਿਤ ਕੀਤਾ ਜਾਂਦਾ ਹੈ। ਉਦਾਹਰਣ ਵਜੋਂ ਯੂਡੀਸੀ ਵਿੱਚ ਕੋਲੇ ਨੂੰ ਇੱਕ ਥਾਂ 'ਤੇ ਨਹੀਂ ਰੱਖਿਆ ਗਿਆ ਹੈ। ਪੈਟਰਾਲੋਜੀ ਸੰਕਲਪ ਵਾਲੇ ਕੋਲੇ ਨੂੰ 552.574 'ਤੇ, ਇਕਨਾਮਿਕ ਜੀਆਲੋਜੀ ਸੰਕਲਪ ਵਾਲੇ ਕੋਲੇ ਨੂੰ 553.94 ਅਤੇ ਖਣਿਜ ਸੰਕਲਪ ਵਾਲੇ ਕੋਲੇ ਨੂੰ 622.23 'ਤੇ ਰੱਖਿਆ ਗਿਆ ਹੈ।

1.5.4 **ਯੂਡੀਸੀ ਦੀ ਸਪੱਸ਼ਟਤਾ** :– ਯੂਡੀਸੀ ਦੀ ਸੰਕੇਤਨ ਇੱਕ ਬਣਾਉਟੀ ਭਾਸ਼ਾ ਹੈ, ਜਿਸ ਵਿੱਚੋਂ ਕੁਦਰਤੀ ਭਾਸ਼ਾ ਦੀਆਂ ਬਹੁਤ ਸਾਰੀਆਂ ਸ਼ੰਕਾਵਾਂ ਜਾਂ ਅਸਪੱਸ਼ਟਤਾਵਾਂ ਨੂੰ ਸਮਾਪਤ ਕਰ ਦਿੱਤਾ ਗਿਆ ਹੈ। ਉਦਾਹਰਣ ਵਜੋਂ "Power" ਦਾ ਸੰਕਲਪ ਗਣਿਤ ਵਿੱਚ ਨੰਬਰ ਦੇ ਇੰਡੈਕਸ ਵਜੋਂ ਵਰਤਿਆ ਹੋਣ ਕਾਰਨ 511.1 'ਤੇ ਰੱਖਿਆ ਗਿਆ ਹੈ, ਜਦੋਂ ਕਿ ਮਕੈਨੀਕਲ ਇੰਜੀਨੀਅਰਿੰਗ ਵਿੱਚ "Power" ਤੋਂ ਭਾਵ ਇੰਜਣ ਦੀ ਕਾਰਜਸ਼ੀਲਤਾ ਹੋਣ ਕਾਰਨ 621.1.018 ਤੇ ਰੱਖਿਆ ਜਾਂਦਾ ਹੈ ਅਤੇ ਇਲੈਕਟ੍ਰਿਕ ਇੰਜੀਨੀਅਰਿੰਗ ਵਿੱਚ ਪਾਵਰ ਸਪਲਾਈ ਦਾ ਸੰਕਲਪ 621.311 ਤੇ ਰਖਿਆ ਜਾਂਦਾ ਹੈ। ਉਪਰੋਕਤ ਉਦਾਹਰਣ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਯੂਡੀਸੀ ਦਾ ਵਰਗ ਅੰਕ ਸਪੱਸ਼ਟ ਤੌਰ ਤੇ ਪਰਿਭਾਸ਼ਿਤ ਸੰਕਲਪ ਦੀ ਪ੍ਰਤੀਨਿਧਤਾ ਕਰਦਾ ਹੈ ਨਾ ਕਿ ਸ਼ਬਦ ਜਾਂ ਮੁਹਾਵਰੇ ਦੀ, ਜਿਸਦਾ ਅਰਥ ਪ੍ਰਸੰਗ ਅਨੁਸਾਰ ਬਦਲ ਜਾਂਦਾ ਹੈ।

## 1.6 ਸੰਕੇਤਨਾਤਮਕ ਪ੍ਰਣਾਲੀ (Notational System)

ਯੂਡੀਸੀ ਦੀ ਸੰਕੇਤਨ ਹੇਠ ਲਿਖੇ ਸੰਕੇਤਾਂ 'ਤੇ ਆਧਾਰਿਤ ਹੈ :–

(i) 0 ਤੋਂ 9 ਤੱਕ ਦੇ 10 ਹਿੰਦ-ਅਰਬੀ ਅੰਕ

(ii) ਰੋਮਨ ਵਰਣਮਾਲਾ ਦੇ ਵੱਡੇ ਅਤੇ ਛੋਟੇ ਅੱਖ਼ਰ

(iii) ਵਿਰਾਮ ਚਿੰਨ੍ਹ ਜਿਵੇਂ ਕਿ ਨੁਕਤਾ, ਅਰਧ ਵਿਰਾਮ, ਕੋਲਨ ਅਤੇ ਪੁੱਠਾ ਕਾਮਾ।

(iv) ਗਣਿਤਕ ਚਿੰਨ੍ਹ, ਜੋੜ ਅਤੇ ਬਰਾਬਰ ਹੈ।

(v) ਉਪਰੋਕਤ ਤੋਂ ਇਲਾਵਾ ਇਸ ਵਿੱਚ ਛੋਟੀ ਜਾਂ ਗੋਲ ਬ੍ਰੈਕਟ, ਵੱਡੀ ਜਾਂ ਵਰਗਾਕਾਰ ਬ੍ਰੈਕਟਾਂ, ਡੈਸ਼ ਅਤੇ ਸੰਬੰਧਕੀ ਚਿੰਨ੍ਹ ਵਰਤੇ ਗਏ ਹਨ।

ਇਸ ਪ੍ਰਕਾਰ ਇਹ ਚਿੰਨ੍ਹਾਂ ਦੀ ਪੂਰੀ ਪ੍ਰਣਾਲੀ ਹੈ; ਜਿਹੜੀ ਕਿ ਯੂਡੀਸੀ ਦੀ ਸੰਕੇਤਨ ਵਿੱਚ ਵਰਤੀ ਗਈ ਹੈ। ਅੰਕਾਂ ਦੀ ਵਰਤੋਂ ਸੰਪੂਰਣ ਮਨੁੱਖੀ ਗਿਆਨ ਨੂੰ 10 ਵਿਆਪਕ ਵਰਗਾਂ ਵਿੱਚ ਵੰਡਣ ਲਈ ਕੀਤੀ ਗਈ ਹੈ, ਜਿਸ ਵਿੱਚੋਂ ਹਰੇਕ ਨੂੰ ਫੇਰ ਅੱਗੇ 10 ਵਰਗਾਂ ਵਿੱਚ ਵੰਡਿਆ ਜਾਂਦਾ ਹੈ ਅਤੇ ਇਸੇ ਤਰ੍ਹਾਂ ਹੋਰ ਅੱਗੇ ਵੰਡਿਆ ਜਾਂਦਾ ਹੈ।

1.6.1 **ਯਾਦ ਸਹਾਇਕ (Mnemonics)** :– ਯੂਡੀਸੀ ਵਿੱਚ ਸਾਂਝੀਆਂ ਆਗਜ਼ੀਲੀਅਰੀ ਉਪਵੰਡਾਂ ਅਤੇ ਸਮਾਨਾਂਤਰ ਉਪਵੰਡਾਂ ਨੂੰ ਯਾਦ ਸਹਾਇਕ-ਜੁਗਤਾਂ ਦੇ ਰੂਪ ਵਿੱਚ ਵਰਤਿਆ ਗਿਆ ਹੈ। ਇੱਕ ਸੰਕਲਪ ਜਿਹੜਾ ਕਿ ਵਰਗੀਕਰਣ ਪ੍ਰਣਾਲੀ ਵਿੱਚ ਜਿੱਥੇ ਕਿਤੇ ਵੀ ਪ੍ਰਗਟ ਹੁੰਦਾ ਹੋਵੇ, ਉਸ ਲਈ ਇੱਕੋ ਸੰਕੇਤਨ ਦੀ ਵਰਤੋਂ ਨੂੰ

ਯਾਦ ਸਹਾਇਕ ਆਖਿਆ ਜਾਂਦਾ ਹੈ।

1.6.2 **ਮਹਿਮਾਨ-ਨਿਵਾਜ਼ੀ (Hospitality)** :– ਕਿਉਂਕਿ ਯੂਡੀਸੀ ਸੰਕੇਤਨ ਅੰਕਾਂ ਨਾਲ ਬਣਾਈ ਗਈ ਹੈ, ਜਿਨ੍ਹਾਂ ਨੂੰ ਦਸ਼ਮਲਵ ਕਸਰ (Fraction) ਦੇ ਤੌਰ ਤੇ ਲਿਆ ਗਿਆ ਹੈ, ਇਸ ਲਈ ਇਹ ਨਵੇਂ ਵਿਕਸਿਤ ਹੋਣ ਵਾਲੇ ਵਿਚਾਰਾਂ ਨੂੰ ਢੁੱਕਵੀਂ ਥਾਂ 'ਤੇ ਆਤਮਸਾਤ ਕਰਨ ਦੀ ਸਮਰਥਾ ਰੱਖਦੀ ਹੈ। ਅਜਿਹਾ ਸਿਰਫ਼ ਮੁੱਖ ਅੰਕਾਂ ਦੀ ਸੂਰਤ ਵਿੱਚ ਹੀ ਨਹੀਂ, ਸਗੋਂ ਆਗਜ਼ੀਲੀਅਰੀਆਂ ਵਿੱਚ ਵੀ ਲਾਗੂ ਹੁੰਦਾ ਹੈ। ਇਸ ਤਰ੍ਹਾਂ ਯੂਡੀਸੀ ਦੀ ਸੰਕੇਤਨ ਮਹਿਮਾਨ-ਨਿਵਾਜ਼ ਹੈ ਅਤੇ ਸੂਖਮ ਵਿਚਾਰਾਂ ਤੱਕ ਅੱਪੜ ਸਕਦੀ ਹੈ। ਕਿਉਂਕਿ ਇਹ ਪਦਵੀ ਤਰਤੀਬ ਵਿਵਸਥਾ ਦੀ ਪਾਲਣਾ ਕਰਦੀ ਹੈ ਅਤੇ ਜਨਰਲ ਤੋਂ ਵਿਸ਼ੇਸ਼ ਵੱਲ ਵਧਦੀ ਹੈ, ਇਸ ਲਈ ਵਰਗਾਂ ਦਾ ਕ੍ਰਮ ਬਿਆਨ ਕੀਤਾ ਹੁੰਦਾ ਹੈ। ਹੇਠ ਲਿਖੀ ਉਦਾਹਰਣ 'ਤੇ ਧਿਆਨ ਦੇਵੋ :–

6 Technology
62 Engineering
621 Mechanical Engineering
621.3 Electrical Engineering
621.39 Telecommunication, Tele control

ਉਪਰ ਬਿਆਨ ਕੀਤੀ ਪਦਵੀ ਤਰਤੀਬ ਲੜੀ ਵਿੱਚ ਕਿਸੇ ਵੀ ਨਵੇਂ ਸੰਕਲਪ ਨੂੰ, ਪਹਿਲਾਂ ਤੋਂ ਵਿਦਮਾਨ ਸੰਕਲਪਾਂ ਨੂੰ ਛੇੜਨ ਤੋਂ ਬਗੈਰ ਹੀ ਢੁੱਕਵੀਂ ਥਾਂ 'ਤੇ ਜੋੜਿਆ ਜਾ ਸਕਦਾ ਹੈ। ਘਟਦੀ ਵਿਆਪਕਤਾ ਦੇ ਆਧਾਰ 'ਤੇ ਕੀਤੀ ਵੰਡ ਪਦਵੀ ਤਰਤੀਬ ਅਨੁਸਾਰ ਵਿਅਕਤ ਕੀਤੇ ਵਰਗਾਂ ਦੇ ਕ੍ਰਮ ਨੂੰ ਸਪੱਸ਼ਟ ਤੌਰ 'ਤੇ ਬਿਆਨ ਕਰਦੀ ਹੈ।

1.6.3 **ਪਹਿਲੂ ਬਣਾਉਣੇ ਅਤੇ ਸੰਸ਼ਲੇਸ਼ਣ (Facetisation and Synthesis)** :– ਯੂਡੀਸੀ ਦੇ ਸੰਪਾਦਕਾਂ ਦਾ ਮੰਨਣਾ ਹੈ ਕਿ ਇਹ ਇੱਕ ਪਹਿਲੂਆਂ ਵਾਲੀ ਵਰਗੀਕਰਣ ਪ੍ਰਣਾਲੀ ਹੈ। ਇਸ ਪ੍ਰਣਾਲੀ ਦੀ ਹਰ ਇੱਕ ਆਵਰਤਕ ਕੈਟਾਗਰੀ ਪਹਿਲੂ ਨਿਰਮਾਣ ਕਰਦੀ ਹੈ ਅਤੇ ਸਾਂਝੀਆਂ ਆਗਜ਼ੀਲਰੀਆਂ ਪਹਿਲੂ ਬਣਾਉਣ ਦੀਆਂ ਸਭ ਤੋਂ ਵਧੀਆ ਉਦਾਹਰਣਾਂ ਪੇਸ਼ ਕਰਦੀਆਂ ਹਨ। ਯੂਡੀਸੀ ਦੇ ਪਹਿਲੂਆਂ ਦਾ ਉਧਰਣ (Citation) ਕ੍ਰਮ ਕਾਫ਼ੀ ਹੱਦ ਤੱਕ ਲਚਕੀਲਾ ਹੈ। ਇਸ ਵਿੱਚ ਲੋੜ ਅਨੁਸਾਰ ਅੰਤਰ ਵਿਧੀ ਜੁਗਤ ਦੀ ਵਰਤੋਂ ਵੀ ਕੀਤੀ ਜਾਂਦੀ ਹੈ ਤਾਂ ਜੋ ਪਹਿਲੂਆਂ ਦਾ ਉਧਰਣ ਕ੍ਰਮ ਵਧੇਰੇ ਸਹਾਇਕ ਕ੍ਰਮ ਅਖ਼ਤਿਆਰ ਕਰ ਸਕੇ। ਇਸ ਲਈ ਯੂਡੀਸੀ ਇੱਕ ਪਹਿਲੂ ਵਾਲੀ ਵਰਗੀਕਰਣ ਪ੍ਰਣਾਲੀ ਹੈ।

ਇਹ ਬਹੁਤ ਜ਼ਿਆਦਾ ਮਾਤਰਾ ਵਿੱਚ ਸੰਸ਼ਲੇਸ਼ਣਾਤਮਕ ਪ੍ਰਣਾਲੀ ਵੀ ਮੰਨੀ ਜਾਂਦੀ ਹੈ। ਆਮ ਤੌਰ 'ਤੇ ਹਰ ਇੱਕ ਪਹਿਲੂ ਵਾਲੀ ਪ੍ਰਣਾਲੀ ਦਾ ਢਾਂਚਾ ਸੰਸ਼ਲੇਸ਼ਣਾਤਮਕ ਹੁੰਦਾ ਹੈ, ਫੇਰ ਵੀ ਸਾਂਝੀਆਂ ਆਗਜ਼ੀਲੀਅਰੀ ਉਪਵੰਡਾਂ ਦੇ ਰੂਪ ਵਿੱਚ ਪਹਿਲੂ ਬਣਾਉਣ ਦੇ ਨਾਲ-ਨਾਲ, ਯੂਡੀਸੀ ਵਿੱਚ ਹੋਰ ਬਹੁਤ ਸਾਰੀਆਂ ਸੰਸ਼ਲੇਸ਼ਣਾਤਮਕ ਜੁਗਤਾਂ ਮਿਲਦੀਆਂ ਹਨ। ਕੁਝ ਜੁਗਤਾਂ ਇਸ ਪ੍ਰਕਾਰ ਹਨ :–

1. ਦੋ ਜਾਂ ਦੋ ਤੋਂ ਵੱਧ ਨੰਬਰਾਂ ਨੂੰ ਜੋੜਨ ਲਈ (+, /, [], :) ਸੰਕੇਤਾਂ ਦੀ ਵਰਤੋਂ।
2. ਵਿਸ਼ੇਸ਼ ਆਗਜ਼ੀਲੀਅਰੀਆਂ ਦੀ ਵਰਤੋਂ ਲਈ ਸੰਬੋਧਕੀ ਚਿੰਨ੍ਹ (Apostrophe) ਦੀ ਵਰਤੋਂ।
3. ਦੋ ਵਿਸ਼ੇਸ਼ ਆਗਜ਼ੀਲੀਅਰੀਆਂ ਨੂੰ ਇੱਕ ਅੰਕ ਦੇ ਰੂਪ ਵਿੱਚ ਪੇਸ਼ ਕਰਨ ਲਈ ਸਹੂਲਤ ਮਿਲਦੀ ਹੈ। ਸਾਰਾਂਸ਼ ਦੇ ਰੂਪ ਵਿੱਚ ਅਸੀਂ ਆਖ ਸਕਦੇ ਹਾਂ ਕਿ ਜੇਕਰ ਯੂਡੀਸੀ ਦੀਆਂ ਮੁੱਖ ਸਾਰਣੀਆਂ ਪਦਵੀ ਤਰਤੀਬ ਵਾਲੀ ਕਿਸਮ ਵਿਅਕਤ ਕਰਦੀਆਂ ਹਨ ਤਾਂ ਸਾਂਝੀਆਂ ਆਗਜ਼ੀਲੀਅਰੀ ਸਾਰਣੀਆਂ ਇਸਦੇ ਪਹਿਲੂਆਂ ਵਾਲੇ ਅਤੇ ਸੰਸ਼ਲੇਸ਼ਣਾਤਮਕ ਢਾਂਚੇ ਦੀ ਪ੍ਰਤੀਨਿਧਤਾ ਕਰਦੀਆਂ ਹਨ।

1.6.4 **ਅੰਤਰ-ਵਿਧੀ (Intercitation) :-** ਆਗਜ਼ੀਲੀਅਰੀ ਨੂੰ ਆਮ ਤੌਰ 'ਤੇ ਮੁੱਖ ਅੰਕ ਦੇ ਆਰੰਭ ਜਾਂ ਅੰਤ ਵਿੱਚ ਜੋੜਿਆ ਜਾਂਦਾ ਹੈ। ਯੂਡੀਸੀ ਵਿੱਚ ਕ੍ਰਮ ਭੰਗ ਕਰਨ ਲਈ ਇਸ ਨੂੰ ਮੁੱਖ ਅੰਕ ਦੇ ਦਰਮਿਆਨ ਵੀ ਜੋੜਿਆ ਜਾ ਸਕਦਾ ਹੈ। ਅਜਿਹਾ, ਕਈ ਵਾਰ, ਬਦਲਵੀਂ ਪਹੁੰਚ ਅਪਣਾਉਣ ਲਈ ਜ਼ਰੂਰੀ ਹੋ ਜਾਂਦਾ ਹੈ। ਉਦਾਹਰਣ ਵਜੋਂ –

| | |
|---|---|
| 622 | Mining |
| 622 (410) | Mining in Britain |
| 622.333 | Mining of Coal |
| 622.333 (410) | Mining of Coal in Britain |
| 622.34 (410) | Mining of metal ores Britain |

ਉਪਰ ਦੱਸੀ ਉਦਾਹਰਣ ਵਿੱਚ "Mining in Britain" ਵਿਸ਼ੇ ਬਾਰੇ ਪੁਸਤਕਾਂ ਪੂਰੇ "Mining" ਵਿਸ਼ੇ ਵਿੱਚ ਫੈਲ ਜਾਣਗੀਆਂ। ਦਰਅਸਲ "British Mining" ਬਾਰੇ ਸਾਰੀਆਂ ਪੁਸਤਕਾਂ ਨੂੰ ਇੱਕ ਥਾਂ 'ਤੇ ਇਕੱਤਰ ਕੀਤਾ ਜਾਣਾ ਬਣਦਾ ਹੈ। ਇਨ੍ਹਾਂ ਨੂੰ ਇੱਕ ਥਾਂ 'ਤੇ ਇਕੱਤਰ ਕਰਨਾ ਸੰਭਵ ਹੋ ਸਕਦਾ ਹੈ, ਜੇਕਰ ਉਪਰ ਦਿੱਤੀ ਉਦਾਹਰਣ ਵਿੱਚ 'ਥਾਂ' ਆਗਜ਼ੀਲੀਅਰੀ ਤੋਂ ਲਏ ਗਏ ਨੰਬਰ ਨੂੰ ਮੁੱਖ ਨੰਬਰ ਵਿਚਕਾਰ ਸਥਾਪਿਤ ਕਰ ਲਿਆ ਜਾਵੇ। ਉਪਰ ਦਿੱਤੀ ਉਦਾਹਰਣ ਵਿੱਚ ਥਾਂ ਨੰਬਰ ਨੂੰ ਮੁੱਖ ਨੰਬਰ ਵਿਚਕਾਰ ਸਥਾਪਿਤ ਕਰਕੇ ਹੇਠ ਲਿਖੇ ਅਨੁਸਾਰ ਮੁੱਖ ਨੰਬਰ ਬਣ ਜਾਣਗੇ :

622, 622(410), 622(410).333, 622(410).34

## 1.7 ਯੂਡੀਸੀ ਦਾ ਢਾਂਚਾ (The Structure of UDC)

ਯੂਡੀਸੀ ਦਾ 1961 ਵਿੱਚ ਪ੍ਰਕਾਸ਼ਿਤ ਇੱਕ ਭਾਗ ਵਾਲਾ ਅੰਗ੍ਰੇਜ਼ੀ ਭਾਸ਼ਾ ਵਿੱਚ ਛਪਿਆ ਤੀਜਾ ਸੋਧਿਆ ਹੋਇਆ ਸੰਸਕਰਣ ਹੈ। ਇਸ ਵਿੱਚ ਸਾਰੇ ਵਿਸ਼ਿਆਂ ਦੇ ਨੰਬਰ ਦਿੱਤੇ ਗਏ ਹਨ ਅਤੇ ਇਹ ਇੱਕ ਜਿਲਦ ਵਿੱਚ 254 ਪੰਨਿਆਂ ਵਾਲਾ ਹੈ। ਇਸ ਵਾਲਯੂਮ ਦੇ ਅੰਤ ਵਿੱਚ ਇੱਕ ਅਨੁਕ੍ਰਮਣਿਕਾ ਵੀ ਦਿੱਤੀ ਗਈ ਹੈ, ਜਿਸ ਵਿੱਚ ਸ਼ਬਦ/ਸੰਕਲਪ ਅਤੇ ਉਨ੍ਹਾਂ ਲਈ ਵਰਤੇ ਗਏ ਵਰਗ ਨੰਬਰ ਦਿੱਤੇ ਗਏ ਹਨ। ਯੂਡੀਸੀ ਦਾ 1985 ਵਿੱਚ ਛਪਿਆ ਮੀਡੀਅਮ ਅੰਗ੍ਰੇਜ਼ੀ ਭਾਸ਼ਾ ਦਾ ਸੰਸਕਰਣ 2 ਜਿਲਦਾਂ ਵਿੱਚ ਛਪਿਆ ਹੈ। ਇਸਦਾ ਸਿਲਸਿਲੇਵਾਰ ਟੇਬਲਾਂ ਜਾਂ ਸਾਰਣੀਆਂ ਵਾਲਾ ਪਹਿਲਾ ਭਾਗ 1985 ਵਿੱਚ ਅਤੇ ਅਨੁਕ੍ਰਮਣਿਕਾ ਵਾਲਾ ਦੂਜਾ ਭਾਗ 1988 ਵਿੱਚ ਛਪਿਆ ਸੀ।

**1.7.1 ਭਾਗ-1 : ਸਿਲਸਿਲੇਵਾਰ ਟੇਬਲ** :- ਇਸ ਭਾਗ ਵਿੱਚ ਆਰੰਭ ਵਿੱਚ ਪ੍ਰਸਤਾਵਨਾ ਅਤੇ ਜਾਣਕਾਰੀ ਦਿੱਤੀ ਗਈ ਹੈ। ਇਸ ਤੋਂ ਬਾਅਦ ਹੇਠ ਲਿਖੇ ਅਨੁਸਾਰ ਵੰਡ ਕੀਤੀ ਗਈ ਹੈ :-

1.7.1.1 ਪਹਿਲੇ ਸੈਕਸ਼ਨ ਵਿੱਚ ਸਾਂਝੀਆਂ ਆਗਜ਼ੀਲੀਅਰੀਆਂ ਅਤੇ ਉਪਵੰਡਾਂ ਹਨ।
1.7.1.2 ਦੂਜੇ ਸੈਕਸ਼ਨ ਵਿੱਚ ਵਿਸ਼ੇਸ਼ ਆਗਜ਼ੀਲੀਅਰੀਆਂ ਹਨ।
1.7.1.3 ਇਸ ਤੋਂ ਬਾਅਦ ਮੁੱਖ ਸਾਰਣੀਆਂ ਹਨ।
1.7.1.4 ਅੰਤ ਵਿੱਚ ਅਨੁਸੂਚੀ ਜਾਂ ਇੰਡੈਕਸ।

## 1.8 ਮੁੱਖ ਸਾਰਣੀਆਂ (Main Classes) :

ਡੀਡੀਸੀ ਵਾਂਗ ਯੂਡੀਸੀ ਵਿੱਚ ਵਿਸ਼ਿਆਂ ਨੂੰ 10 ਮੁੱਖ ਵਰਗਾਂ ਵਿੱਚ ਵੰਡਿਆ ਗਿਆ ਹੈ ਅਤੇ ਇਨ੍ਹਾਂ 10 ਮੁੱਖ ਵਰਗਾਂ ਲਈ 0 ਤੋਂ 9 ਤੱਕ ਦੇ ਰੋਮਨ ਅੰਕ ਵਰਤੇ ਗਏ ਹਨ।

ਮੁੱਖ ਵਰਗ ਅਤੇ ਹਰ ਇੱਕ ਵਰਗ ਲਈ ਵਰਤੇ ਗਏ ਸੰਕੇਤ ਚਿੰਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :-

0. Generalities, science and knowledge, organization and library science
1. Philosophy, Metaphysics, Psychology, Logic, Ethics and Moral
2. Religion, Theology
3. Social Services-Law, Government, etc.
4. Philology, Linguistics, Languages
5. Mathematics and Natural Sciences
6. Applied Sciences, Medicine, Technology
7. The Arts, Recreation, Entertainment, Sport

8. Literature, Belles Letters
9. Geography, Biography, History
10 ਮੁੱਖ ਵਰਗਾਂ ਨੂੰ ਅੱਗੇ 10-10 ਉਪ-ਵਰਗਾਂ ਵਿੱਚ ਵੰਡਿਆ ਜਾਂਦਾ ਹੈ, ਇਤਿਆਦਿ।

**1.9 ਯੂਡੀਸੀ ਦੀ ਸਾਂਭ-ਸੰਭਾਲ ਅਤੇ ਸੋਧ (Maintenance and Revisian of UDC)** :

ਯੂਡੀਸੀ ਦੀ ਸਾਂਭ-ਸੰਭਾਲ ਅਤੇ ਸੋਧ ਦੀ ਜ਼ਿੰਮੇਵਾਰੀ ਇੰਟਰਨੈਸ਼ਨਲ ਫੈਡਰੇਸ਼ਨ ਫਾਰ ਇਨਫਾਰਮੇਸ਼ਨ ਐਂਡ ਡਾਕੂਮੈਨਟੇਸ਼ਨ (FID) ਕੋਲ ਹੈ। ਐਫ.ਆਈ.ਡੀ. ਰਾਸ਼ਟਰੀ ਸੰਸਥਾਵਾਂ ਨਾਲ ਰਲਕੇ ਵਰਗੀਕਰਣ ਪ੍ਰਣਾਲੀ ਨੂੰ ਵਰਤਣ ਵਾਲਿਆਂ ਦੇ ਸਹਿਯੋਗ ਨਾਲ ਕੰਮਕਾਜ ਕਰਦੀ ਹੈ। ਐਫ.ਆਈ.ਡੀ. ਦਾ ਵਰਗੀਕਰਣ ਸੈਕਟਰ ਸਮੇ-ਸਮੇਂ ਪ੍ਰਵਾਨਿਤ ਹੋਈਆਂ ਸੋਧਾਂ ਵਾਲੀ ਯੂਡੀਸੀ ਦੀ ਮਾਸਟਰ ਕਾਪੀ ਸੰਭਾਲਦਾ ਹੈ। ਇਸ ਪ੍ਰਣਾਲੀ ਦੀ ਸੋਧ ਲਗਾਤਾਰ ਕੀਤੀ ਜਾਂਦੀ ਹੈ। ਵਰਤਣ ਵਾਲਿਆਂ ਦੁਆਰਾ ਆਪੋ-ਆਪਣੀਆਂ ਰਾਸ਼ਟਰੀ ਸੰਸਥਾਵਾਂ ਦੀ ਮਾਰਫ਼ਤ ਤਜਵੀਜ਼ ਕੀਤੇ ਗਏ ਸੁਝਾਅ ਪੀ-ਨੋਟਾਂ (P-Notes) ਦੇ ਰੂਪ ਵਿੱਚ ਖਪਤਕਾਰਾਂ ਦਰਮਿਆਨ ਸਰਕੁਲੇਟ ਕੀਤੇ ਜਾਂਦੇ ਹਨ। ਜਦੋਂ ਸੁਝਾਅ ਪ੍ਰਵਾਨ ਕਰਨ ਯੋਗ ਹੋ ਜਾਂਦੇ ਹਨ; ਉਸ ਤੋਂ ਬਾਅਦ ਉਨ੍ਹਾਂ ਨੂੰ ਵਧਾਇਆ ਜਾਂ ਸੰਖਿਪਤ ਕੀਤਾ ਜਾ ਸਕਦਾ ਹੈ ਅਤੇ ਇਨ੍ਹਾਂ ਨੂੰ ਯੂਡੀਸੀ ਦੇ ਸਾਲਾਨਾ ਰਸਾਲੇ ਵਿੱਚ ਛਾਪਿਆ ਜਾਂਦਾ ਹੈ। ਇਸ ਤੋਂ ਬਾਅਦ ਵਰਤਣ ਵਾਲੀਆਂ ਲਾਇਬ੍ਰੇਰੀਆਂ ਦੀ ਜ਼ਿੰਮੇਵਾਰੀ ਬਣ ਜਾਂਦੀ ਹੈ ਕਿ ਉਹ ਇਸ ਰਸਾਲੇ ਵਿੱਚ ਛਪਣ ਵਾਲੀਆਂ ਸੋਧਾਂ ਨੂੰ ਲਾਗੂ ਕਰਕੇ ਵਰਗੀਕਰਣ ਦੇ ਕੰਮ ਨੂੰ ਅਜੋਕਾ ਬਣਾਈ ਰੱਖਣ।

ਯੂਡੀਸੀ ਸਾਰੇ ਵਰਤਣ ਵਾਲਿਆਂ ਵੱਲੋਂ ਸੋਧ ਲਈ ਭੇਜੇ ਗਏ ਸੁਝਾਵਾਂ ਨੂੰ 'ਜੀ ਆਇਆਂ' ਆਖਦੀ ਹੈ ਅਤੇ ਪੂਰਾ ਸਨਮਾਨ ਦਿੰਦੀ ਹੈ।

**1.10 ਯੂਡੀਸੀ ਦੇ ਗੁਣ ਅਤੇ ਦੋਸ਼ (Merits and Demerits of UDC)** :

ਭਾਵੇਂ ਯੂਡੀਸੀ ਵਿੱਚ ਡੀਡੀਸੀ ਤੋਂ ਵਿਰਾਸਤ ਵਿੱਚ ਮਿਲੇ ਕੁਝ ਦੋਸ਼ ਵਿਦਮਾਨ ਹਨ, ਪਰ ਨਿਸ਼ਚਿਤ ਤੌਰ 'ਤੇ ਇਸਦੇ ਖਾਤੇ ਵਿੱਚ ਗੁਣ ਵਧੇਰੇ ਮਿਲਦੇ ਹਨ। ਮੁੱਢ ਤੋਂ ਹੀ ਇਸ ਨੂੰ ਯੂਨੀਵਰਸਲ ਬਿਬਲਿਓਗ੍ਰਾਫ਼ੀ ਦੀ ਲੋੜਾਂ ਦੀ ਪੂਰਤੀ ਲਈ ਉਲੀਕੇ ਗਏ ਮੂਲ ਉਦੇਸ਼ਾਂ ਦੀ ਪੂਰਤੀ ਲਈ ਸਿਰਜਿਆ ਗਿਆ ਸੀ। ਇਸ ਲਈ ਯੂਡੀਸੀ ਦੇ ਗੁਣਾਂ ਨੂੰ ਸਮਝਣਾ ਜ਼ਰੂਰੀ ਹੋ ਜਾਂਦਾ ਹੈ, ਜਿਹੜੇ ਕਿ ਹੇਠ ਲਿਖੇ ਅਨੁਸਾਰ ਹਨ :

1. ਕਿਉਂਕਿ ਯੂਡੀਸੀ ਵਰਗੀਕਰਣ ਇੱਕ ਜਨਰਲ ਪ੍ਰਣਾਲੀ ਹੈ, ਇਸ ਲਈ ਇਸ ਵਿੱਚ ਪੂਰੇ ਗਿਆਨ ਜਗਤ ਨੂੰ ਸਮਿਲਤ ਕੀਤਾ ਗਿਆ ਹੈ। ਇੱਕ ਵਿਸ਼ੇ ਨੂੰ 10 ਵਿਸ਼ਿਆਂ ਵਿੱਚ ਵੰਡਣ ਦੀ ਰਵਾਇਤ ਨੂੰ ਲੋੜੀਂਦੇ ਵਿਸ਼ੇਸ਼ ਦਰਜੇ ਜਾਂ ਡਿਗਰੀ ਤੱਕ ਵਧਾਇਆ ਜਾ ਸਕਦਾ ਹੈ। ਵਿਸਤਾਰ ਦੀ ਲੋੜੀਂਦੀ ਡਿਗਰੀ ਸਾਂਝੀਆਂ ਅਤੇ ਵਿਸ਼ੇਸ਼ ਆਗਜ਼ੀਲੀਅਰੀਆਂ ਦੀ ਮਦਦ ਨਾਲ ਪ੍ਰਾਪਤ ਕੀਤੀ ਜਾਂਦੀ ਹੈ।
2. ਇਸ ਦੀ ਸੰਕੇਤਨ ਵਿੱਚ ਅੰਤਰਰਾਸ਼ਟਰੀ ਪੱਧਰ 'ਤੇ ਸੋਚੇ ਸਮਝੇ ਜਾਂਦੇ ਅੰਕ ਅਤੇ ਚਿੰਨ੍ਹ ਸ਼ਾਮਿਲ ਕੀਤੇ ਗਏ ਹਨ। ਨਵੀਆਂ ਸੋਚਾਂ ਅਤੇ ਸੰਕਲਪਾਂ ਨੂੰ ਵਰਗੀਕਰਣ ਪ੍ਰਣਾਲੀ ਵਿੱਚ ਸ਼ਾਮਿਲ ਕਰਨ ਹਿੱਤ ਯੂਡੀਸੀ ਦੀ ਡੈਸੀਮਲ ਸੰਕੇਤਨ ਬਹੁਤ ਹੀ ਮਹਿਮਾਨ-ਨਿਵਾਜ਼ੀ ਵਾਲੀ ਸਾਬਤ ਹੁੰਦੀ ਹੈ।
3. ਆਗਜ਼ੀਲੀਅਰੀਆਂ ਦੀ ਹੋਂਦ ਅਤੇ ਵਰਤੋਂ ਵਿਧੀ ਕਰਕੇ ਯੂਡੀਸੀ ਵਿਸ਼ਲੇਸ਼ਣਾਤਮਕ-ਸੰਸ਼ਲੇਸ਼ਣਾਤਮਕ (Analytico-Synthetic) ਵਰਗੀਕਰਣ ਪ੍ਰਣਾਲੀ ਬਣ ਗਈ ਹੈ।
4. ਇਹ ਪੂਰੀ ਤਰ੍ਹਾਂ ਲਚਕੀਲੀ ਵਰਗੀਕਰਣ ਪ੍ਰਣਾਲੀ ਹੈ। ਇਸ ਤੋਂ ਭਾਵ ਹੈ ਕਿ ਇਸ ਵਿੱਚ ਸਥਾਨਕ ਲੋੜਾਂ ਦੀ ਪੂਰਤੀ ਸਾਪੇਖਕ ਸੌਖ ਨਾਲ ਕੀਤੀ ਜਾ ਸਕਦੀ ਹੈ।
5. ਇਹ ਪ੍ਰਣਾਲੀ ਵਿਸ਼ੇਸ਼ ਲਾਇਬ੍ਰੇਰੀਆਂ ਲਈ ਵਧੇਰੇ ਉਪਯੋਗੀ ਹੈ, ਕਿਉਂਕਿ ਇਸ ਦੇ ਪੂਰੇ ਸੰਸਕਰਣ ਵਿੱਚ ਵਿਸ਼ਿਆਂ ਦੇ ਛੋਟੇ ਤੋਂ ਛੋਟੇ ਸੰਕਲਪ ਦਾ ਚਿਤਰਣ ਕੀਤਾ ਗਿਆ ਹੈ। ਵਿਸ਼ੇਸ਼ ਵਿਸ਼ਾ ਸੰਸਕਰਣ ਵੀ ਅੱਡ ਤੌਰ 'ਤੇ ਉਪਲਬਧ ਹਨ। ਇਸ ਦੇ ਮੀਡੀਅਮ ਸੰਸਕਰਣ ਵਿੱਚ ਲਗਭਗ ਸਾਰੇ ਵਿਸ਼ਿਆਂ ਦੀਆਂ ਬੁਨਿਆਦੀ ਲੋੜਾਂ ਪੂਰੀਆਂ ਕਰਨ ਦੀ ਤਾਕਤ ਹੈ।
6. ਇਸ ਦੇ ਇੰਡੈਕਸ ਵਿੱਚ ਧਿਆਨ ਨਾਲ ਆਯੋਜਿਤ ਕੀਤੀ ਸ਼ਬਦਾਵਲੀ ਮਿਲਦੀ ਹੈ, ਜਿਹੜੀ ਕਿ ਇੰਡੈਕਸਿੰਗ ਅਤੇ ਮੁੜ-ਪ੍ਰਾਪਤੀ (Retrieval) ਦੇ ਕੰਮ ਵਿੱਚ ਬਹੁਤ ਮਦਦਗਾਰ ਸਾਬਤ ਹੁੰਦੀ ਹੈ।

ਇਸਦਾ ਇੰਡੈਕਸ ਥੀਸਾਰਸ ਵਾਂਗ ਕੰਮ ਕਰ ਸਕਦਾ ਹੈ।

7. ਇਹ ਕੰਪਿਊਟਰੀਕਰਣ ਲਈ ਸਹਾਈ ਹੋ ਸਕਦੀ ਹੈ।
8. ਯੂਡੀਸੀ ਦੀ ਸੋਧ ਵਿੱਚ ਵਰਤਣ ਵਾਲੇ ਆਪਣਾ ਯੋਗਦਾਨ ਦੇ ਸਕਦੇ ਹਨ।

**ਦੋਸ਼** : ਉਪਰ ਦਿੱਤੇ ਗੁਣਾਂ ਦੇ ਵਿਪਰੀਤ ਇਸ ਪ੍ਰਣਾਲੀ ਵਿੱਚ ਕੁਝ ਊਣਤਾਈਆਂ ਜਾਂ ਦੋਸ਼ ਵੀ ਮਿਲਦੇ ਹਨ:-

1. ਯੂਡੀਸੀ ਦੀ ਸੰਕੇਤਨ ਅਕਸਰ ਲੰਮੀ ਅਤੇ ਬੇਢੰਗੀ ਜਿਹੀ ਬਣ ਗਈ ਜਾਪਦੀ ਹੈ। ਇਸ ਕਰਕੇ ਇਸਦੀ ਸ਼ੈਲਫਾਂ ਤੇ ਵਰਤੋਂ ਵਿੱਚ ਦਿੱਕਤ ਪੇਸ਼ ਆਉਂਦੀ ਹੈ।
2. ਇਸਦੀ ਸੋਧ ਵਿੱਚ ਵਰਤਣ ਵਾਲਿਆਂ ਦੀ ਭਾਗੀਦਾਰੀ ਕਾਰਨ ਕਈ ਥਾਵਾਂ 'ਤੇ ਇੱਕਰੂਪਤਾ (Evenness) ਦੀ ਘਾਟ ਮਹਿਸੂਸ ਹੁੰਦੀ ਹੈ। ਇਹ ਸਾਰਣੀਆਂ ਦੀ ਸੋਧ ਵਿੱਚ ਵੀ ਦੇਰੀ ਪੈਦਾ ਕਰ ਦਿੰਦੀ ਹੈ ਅਤੇ ਇੰਝ ਸਾਰਣੀਆਂ ਦੀ ਸੋਧ ਵਿੱਚ ਅਣਚਾਹੀ ਦੇਰੀ ਹੋ ਜਾਣ ਕਾਰਨ ਕੀਤੀ ਸੋਧ ਵਿਅਰਥ ਹੋ ਜਾਂਦੀ ਹੈ।
3. ਸੋਧ ਕਾਰਜ ਲਈ ਯੂਡੀਸੀ ਨੂੰ ਫੰਡਾਂ ਦੀ ਘਾਟ ਮਹਿਸੂਸ ਹੁੰਦੀ ਹੈ, ਕਿਉਂਕਿ ਸੋਧ ਕੰਮ ਵਿੱਚ ਬਹੁਤ ਸਾਰੀਆਂ ਕਿਸਮਾਂ ਦੇ ਸੰਸਕਰਣ ਅਤੇ ਬਹੁਤ ਸਾਰੀਆਂ ਭਾਸ਼ਾਵਾਂ ਵਿੱਚ ਸੰਸਕਰਣ ਛਾਪਣ ਦਾ ਕੰਮ ਵੀ ਸਮਿਲਤ ਹੋ ਜਾਂਦਾ ਹੈ।

ਇਸ ਸਾਰੇ ਦੇ ਬਾਵਜੂਦ ਯੂਡੀਸੀ ਦੇ ਗੁਣ ਇਸ ਦੀਆਂ ਊਣਤਾਈਆਂ ਜਾਂ ਦੋਸ਼ਾਂ ਤੋਂ ਕਿਤੇ ਵੱਧ ਲਾਭਕਾਰੀ ਹਨ।

### 1.11 ਹਵਾਲੇ ਅਤੇ ਹੋਰ ਪੜ੍ਹਨ ਲਈ ਪੁਸਤਕਾਂ


1. **BATTY (David) .** The Universal Decimal Classification. In Encyclopedia of Library and Information Science. Vol.32. New York: Marcel Dekkar. P 125-146.
2. **BOSE (H).** Universal Decimal Classification: Theory and practice. New Delhi: Sterling Publishers. 1990. Pp. 192
3. **FOSKETT (A C).** Universal Decimal Classification. London: Clive Bingley. 1973. P172.
4. **FOSKETT (D J).** Trends in research on UDC. Library Science With Slant to Documentation. 16(June); 1979; 62-64.
5. **MILL (J).** Modern Outline of Library Classification. Bombay: Asia Publishing House. 1962.
6. **MILL (J).** Universal Decimal Classification. New Jersey, VI Rutgers Graduate School of Library Science. 1964. Pp 132
7. **RAJU (AAN).** Universal Decimal Classification. Madras: TR Publications. 1991. Pp 234
8. **SARDANA (JL) and SEGHAL (R L).** Universal Decimal Classification: Structure and Methodology. New Delhi: ESS ESS Publications. 1983. Pp208.
9. **SATYANARAYAN (VVV).** Common auxiliaries in UDC and common isolates in CC: A comparative study in their practice. IASLIC Bulletin. 22 (2); 1977:77-84.
10. **Universal Decimal Classification.** Abridged English Edition. Ed.3. BSI: 1000A: 1961.

ਪਾਠ ਨੰਬਰ : 1.2

ਲੇਖਕ : ਕੇ.ਪੀ. ਸਿੰਘ
ਅਨੁਵਾਦਕ : ਡਾ. ਜਸਮੇਰ ਸਿੰਘ

## ਯੂ.ਡੀ.ਸੀ. ਦੇ ਸੰਖਿਪਤ ਅੰਗਰੇਜ਼ੀ ਸੰਸਕਰਣ, 1961 ਦੇ ਵਿਸ਼ੇਸ਼ਗੁਣ
## (Salient Features of Universal Decimal Classification (Abridge English Edition 1961 (AEE)

ਪਾਠ ਦੀ ਸੰਰਚਨਾ

2.0 ਸਿੱਖਣ ਦੇ ਉਦੇਸ਼
2.1 ਜਾਣ-ਪਛਾਣ
2.2 ਅੰਗਰੇਜ਼ੀ ਵਿਚ ਸੰਖਿਪਤ ਸੰਸਕਰਣਾਂ ਦੀ ਉਤਪੱਤੀ ਅਤੇ ਵਿਕਾਸ
2.3 ਆਗਜ਼ੀਲੀਅਰੀਆਂ ਦੀਆਂ ਸਾਰਣੀਆਂ
2.3.1 ਸੰਕੇਤ ਸਾਰਣੀਆਂ
2.3.2 ਭਾਸ਼ਾ ਦੀਆਂ ਸਾਂਝੀਆਂ ਆਗਜ਼ੀਲੀਅਰੀਆਂ
2.3.3 ਆਕਾਰ (Form) ਦੀਆਂ ਸਾਂਝੀਆਂ ਆਗਜ਼ੀਲੀਅਰੀਆਂ
2.3.4 ਥਾਂ ਦੀਆਂ ਸਾਂਝੀਆਂ ਆਗਜ਼ੀਲੀਅਰੀਆਂ
2.3.5 ਨਸਲ ਅਤੇ ਕੌਮੀਅਤ ਦੀਆਂ ਸਾਂਝੀਆਂ ਆਗਜ਼ੀਲੀਅਰੀਆਂ
2.3.6 ਕਾਲ ਦੀਆਂ ਸਾਂਝੀਆਂ ਆਗਜ਼ੀਲਅਰੀਆਂ
2.3.7 ਗੈਰ ਯੂਡੀਸੀ ਅੰਕਾਂ ਦੀਆਂ ਸਾਂਝੀਆਂ ਆਗਜ਼ੀਲੀਅਰੀਆਂ
2.3.8 ਦ੍ਰਿਸ਼ਟੀਕੋਣ ਅੰਕਾਂ ਦੀਆਂ ਸਾਂਝੀਆਂ ਆਗਜ਼ੀਲੀਅਰੀਆਂ
2.4 ਵਿਸ਼ੇਸ਼ ਆਗਜ਼ੀਲੀਅਰੀਆਂ
2.5 ਯੂਡੀਸੀ ਦਾ ਹਵਾਲਾ ਕ੍ਰਮ
2.6 ਵਰਗ ਵਰਮਿਆਨ ਤਰਤੀਬ
2.7 ਅੱਖਰ ਵਾਰ ਅਨੁਕ੍ਰਮਣਿਕਾ
2.8 ਸਾਰਾਂਸ਼
2.9 ਹਵਾਲੇ ਅਤੇ ਹੋਰ ਪੜ੍ਹਨ ਲਈ

### 2.0 ਸਿੱਖਣ ਦੇ ਉਦੇਸ਼

ਇਸ ਪਾਠ ਵਿੱਚ ਯੂਡੀਸੀ ਦੇ ਅੰਗ੍ਰੇਜ਼ੀ ਭਾਸ਼ਾ ਦੇ ਸੰਖਿਪਤ ਸੰਸਕਰਣਾਂ ਦੇ ਬਹੁਤ ਸਾਰੇ ਵਿਲੱਖਣ ਗੁਣਾਂ ਦੀ ਉਦਾਹਰਣਾਂ ਸਹਿਤ ਚਰਚਾ ਕੀਤੀ ਗਈ ਹੈ। ਇਸ ਪਾਠ ਨੂੰ ਪੜ੍ਹਨ ਉਪਰੰਤ ਤੁਸੀਂ :

(ੳ) ਯੂਡੀਸੀ ਦੇ ਸੰਖਿਪਤ ਅੰਗ੍ਰੇਜ਼ੀ ਸੰਸਕਰਣ (1961) ਦੇ ਵਿਲੱਖਣ ਗੁਣ ਸਮਝ ਸਕੋਗੇ;
(ਅ) ਸਾਂਝੀਆਂ ਅਤੇ ਵਿਸ਼ੇਸ਼ ਆਗਜ਼ੀਲੀਅਰੀਆਂ ਦੇ ਸੰਕਲਪਾਂ ਦੇ ਅਰਥ ਅਤੇ ਵਰਤੋਂ ਜਾਣ ਸਕੋਗੇ;
(ੲ) ਵਰਗ ਅੰਕ ਬਣਾਉਣ, ਸ਼ੈਲਫਾਂ ਤੇ ਪੁਸਤਕਾਂ ਨੂੰ ਟਿਕਾਉਣ ਅਤੇ ਵਰਗੀਕ੍ਰਿਤ ਸੂਚੀ ਵਿਚ ਕਾਰਡਾਂ ਨੂੰ ਤਰਤੀਬ-ਬੱਧ ਢੰਗ ਨਾਲ ਰੱਖਣ ਲਈ ਵਰਤਿਆ ਜਾਣ ਵਾਲਾ ਹਵਾਲਾ ਕ੍ਰਮ (Citation Order) ਸਮਝ ਸਕੋਗੇ; ਅਤੇ,
(ਸ) ਸਾਰਣੀ ਵਿਚੋਂ ਵਿਸ਼ਾ ਵਰਗ ਅੰਕ ਲੱਭਣ ਲਈ ਅੱਖਰਵਾਰ ਅਨੁਕ੍ਰਮਣਿਕਾ ਦੀ ਵਰਤੋਂ ਸਮਝ ਸਕੋਗੇ।

### 2.1 ਜਾਣ-ਪਛਾਣ

ਯੂਨੀਵਰਸਲ ਡੈਸੀਮਲ ਕਲਾਸੀਫਿਕੇਸ਼ਨ (ਯੂਡੀਸੀ) ਵਿਚ ਗਿਣਨਾਤਮਕ ਅਤੇ ਪਹਿਲੂ ਵਾਲੀ ਦੋਹਾਂ ਪ੍ਰਕਾਰ ਦੀਆਂ ਵਰਗੀਕਰਣ ਪ੍ਰਣਾਲੀਆਂ ਦੇ ਗੁਣ ਮੌਜੂਦ ਹੋਣ ਕਾਰਨ ਇਸਨੂੰ ਲਗਭਗ ਪਹਿਲੂ-ਉਪਬੰਧ ਵਾਲੀ

ਵਰਗੀਕਰਣ ਪ੍ਰਣਾਲੀ ਮੰਨਿਆ ਜਾਂਦਾ ਹੈ। ਇਹ ਹਰ ਪ੍ਰਕਾਰ ਦੀਆਂ ਲਾਇਬ੍ਰੇਰੀਆਂ ਅਤੇ ਸੂਚਨਾ ਕੇਂਦਰਾਂ ਵਿਚ ਹਰ ਪ੍ਰਕਾਰ ਦੇ ਪ੍ਰਲੇਖਾਂ ਦੇ ਵਰਗੀਕਰਣ ਹਿੱਤ ਬਣਾਈ ਗਈ ਆਮ ਵਰਗੀਕਰਣ ਪ੍ਰਣਾਲੀ ਹੈ। ਇਹ ਵਰਗੀਕਰਣ ਪ੍ਰਣਾਲੀ ਵਿਸ਼ੇਸ਼ ਤੌਰ ਤੇ ਵਿਗਿਆਨ ਅਤੇ ਤਕਨਾਲੋਜੀ ਖੇਤਰਾਂ ਦੇ ਵਿਸ਼ਿਆਂ ਦੇ ਵਰਗੀਕਰਣ ਲਈ ਅੰਤਰਰਾਸ਼ਟਰੀ ਪੱਧਰ ਤੇ ਪਰਵਾਨ ਕੀਤੀ ਜਾਂਦੀ ਹੈ। ਇਹ ਕਿਸੇ ਵਿਸ਼ੇਸ਼ ਅੱਖਰ ਜਾਂ ਭਾਸ਼ਾ ਤੇ ਆਧਾਰਿਤ ਨਾਂ ਹੋਣ ਕਾਰਨ ਵੀ ਵਧੇਰੇ ਪ੍ਰਵਾਨਤ ਹੈ। ਯੂਡੀਸੀ ਦੀ ਲਗਾਤਾਰ ਸੋਧਾਂ ਅਤੇ ਨਵੇਂ ਵਿਸ਼ਿਆਂ ਦੀ ਲਗਾਤਾਰ ਸ਼ਮੂਲੀਅਤ ਵਜੋਂ ਵੀ ਇਹ ਵਰਗੀਕਰਣ ਪ੍ਰਣਾਲੀ ਹਰਮਨ ਪਿਆਰੀ ਹੈ। ਇਸਦੀਆਂ ਛਾਪਾਂ ਵੱਖ-ਵੱਖ ਭਾਸ਼ਾਵਾਂ ਅਤੇ ਆਕਾਰਾਂ ਵਿੱਚ ਉਪਲਬਧ ਹਨ।

## 2.2 ਅੰਗ੍ਰੇਜ਼ੀ ਵਿਚ ਸੰਖਿਪਤ ਸੰਸਕਰਣਾਂ ਦੀ ਉਤਪੱਤੀ ਅਤੇ ਵਿਕਾਸ

ਯੂਡੀਸੀ ਦਾ ਪਹਿਲਾ ਸੰਖਿਪਤ ਸੰਸਕਰਣ ਅੰਗ੍ਰੇਜ਼ੀ ਭਾਸ਼ਾ ਵਿਚ ਪਹਿਲੀ ਵੇਰ ਸੰਨ 1948 ਵਿਚ ਪ੍ਰਕਾਸ਼ਿਤ ਕੀਤਾ ਗਿਆ। ਇਸਦਾ ਦੂਜਾ ਸੰਖਿਪਤ ਸੰਸਕਰਣ 1957 ਅਤੇ ਤੀਜਾ ਸੰਖਿਪਤ ਸੰਸਕਰਣ 1961 ਵਿਚ ਪ੍ਰਕਾਸ਼ਿਤ ਹੋਇਆ। ਦੂਜੇ ਸੰਖਿਪਤ ਸੰਸਕਰਣ ਦੀ ਅਨੁਕ੍ਰਮਣਿਕਾ ਦਾ ਬਹੁਤ ਵਿਸਤਾਰ ਕੀਤਾ ਗਿਆ ਅਤੇ ਇਸ ਵਿਚ 20,000 ਤੋਂ ਵਧ ਇੰਦਰਾਜ ਮਿਲਦੇ ਹਨ। ਸੰਖਿਪਤ ਸੰਸਕਰਣ ਦੁਨੀਆਂ ਦੀ 16 ਵੱਖ-ਵੱਖ ਭਾਸ਼ਾਵਾਂ ਵਿਚ ਮਿਲਦਾ ਹੈ। ਇਹ ਸੰਸਕਰਣ ਬਹੁਤ ਸਾਰੀਆਂ ਲਾਇਬ੍ਰੇਰੀਆਂ ਅਤੇ ਸੂਚਨਾ ਕੇਂਦਰਾਂ ਵਿਚ ਸੂਚਨਾ ਦੇ ਆਯੋਜਨ ਅਤੇ ਮੁੜ ਪ੍ਰਾਪਤੀ ਲਈ ਵਰਤੇ ਜਾਣ ਕਾਰਨ ਬਹੁਤ ਲਾਭਦਾਇਕ ਸਾਬਿਤ ਹੋਇਆ ਹੈ। ਜਿਵੇਂ ਕਿ ਤੁਸੀਂ ਪਹਿਲਾਂ ਹੀ ਜਾਣ ਚੁਕੇ ਹੋ ਕਿ ਯੂਡੀਸੀ ਦੀ ਮੂਲ ਸਥਾਪਨਾ ਦਾ ਆਧਾਰ ਡੀਡੀਸੀ ਦਾ ਪੰਜਵਾਂ ਸੰਸਕਰਣ ਸੀ। ਇਸਦੀ ਵਧੇਰੇ ਜਾਣਕਾਰੀ ਤੁਹਾਨੂੰ ਪਹਿਲੇ ਪਾਠ ਵਿਚ ਦਿੱਤੀ ਜਾ ਚੁਕੀ ਹੈ।

## 2.3 ਆਗਜ਼ੀਲੀਅਰੀਆਂ ਦੀਆਂ ਸਾਰਣੀਆਂ

ਯੂਡੀਸੀਦੀ ਸਭ ਤੋਂ ਵੱਧ ਨਵੇਕਲਾ ਅਤੇ ਤਾਕਤਵਰ ਗੁਣ ਆਗਜ਼ੀਲੀਅਰੀਆਂ ਦੀਆਂ ਸਾਰਣੀਆਂ ਦੀ ਹੋਂਦ ਅਤੇ ਕਾਮਯਾਬ ਵਰਤੋਂ ਹੈ। ਆਗਜ਼ੀਲੀਅਰੀਆਂ ਸੰਯੁਕਤ ਅਤੇ ਗੁੰਝਲਦਾਰ ਵਰਗ ਅੰਕ ਜੋੜਨ ਵਿੱਚ ਮਦਦਗਾਰ ਸਾਬਿਤ ਹੁੰਦੀਆਂ ਹਨ। ਯੂਡੀਸੀ ਵਿਚ ਸੰਕੇਤ ਸਾਰਣੀਆਂ ਅਤੇ ਅੰਕ ਸਾਰਣੀਆਂ ਦੇ ਰੂਪ ਵਿੱਚ ਦੋ ਕਿਸਮਾਂ ਦੀਆਂ ਸਾਰਣੀਆਂ ਮਿਲਦੀਆਂ ਹਨ।

**2.3.1 ਸੰਕੇਤ ਸਾਰਣੀ** :- ਯੂਡੀਸੀ ਦੀ ਸੰਕੇਤ ਸਾਰਣੀ ਕੋਲਨ ਵਰਗੀਕਰਣ ਵਿਚ ਪੰਜ ਮੂਲ ਸ਼੍ਰੇਣੀਆਂ ਦੇ ਪਹਿਲੂਆਂ ਨੂੰ ਜੋੜਨ ਲਈ ਵਰਤੇ ਗਏ ਯੋਜਕ ਪਦਾਂ ਵਾਂਗ ਹੈ। ਯੂਡੀਸੀ ਵਿਚ ਸੰਕੇਤ ਸਾਰਣੀ ਦਾ ਕੋਈ ਸੰਖਿਆਤਮਕ ਮੁੱਲ ਨਹੀਂ ਹੁੰਦਾ, ਕਿਉਂਕਿ ਇਹ ਗੁੰਝਲਦਾਰ ਵਿਸ਼ੇ ਦੇ ਗੁੰਝਲਦਾਰ ਵਰਗ ਜੋੜਨ ਲਈ ਤਰਕੀਬ ਦਿੰਦੇ ਹਨ। ਯੂਡੀਸੀ ਦੇ ਸੰਖਿਪਤ ਸੰਸਕਰਣ ਵਿੱਚ ਸੰਯੁਕਤ ਅਤੇ ਗੁੰਝਲਦਾਰ ਵਰਗਾਂ ਨੂੰ ਜੋੜਨ ਲਈ ਹੇਠ ਲਿਖੇ ਸੰਕੇਤ ਜਾਂ ਚਿੰਨ੍ਹ ਵਰਤੇ ਗਏ ਹਨ :

| | |
|---|---|
| + (ਜੋੜ) | 2 ਜਾਂ ਵਧ ਵਰਗਾਂ ਨੂੰ ਜੋੜਨ ਲਈ; ਜਿਵੇਂ ਕਿ,<br>5 + 8 Science and Literature |
| : (ਕੋਲਨ) | ਪਹਿਲੂਆਂ/ਵਰਗਾਂ ਵਿਚ ਹਰ ਪ੍ਰਕਾਰ ਦੇ ਸੰਬੰਧਾਂ ਨੂੰ ਵਿਅਕਤ ਕਰਨ ਲਈ; ਜਿਵੇਂ ਕਿ,<br>(540:410) India and China. |
| / (ਸਟ੍ਰੋਕ) | ਲਗਾਤਾਰ ਆਉਣ ਵਾਲੇ ਵਰਗਾਂ ਲਈ, ਜਿਵੇਂ ਕਿ,<br>571/572 Anthropology |
| :: (ਦੂਹਰੇ ਕੋਲਨ) | ਵਰਗ ਦੇ ਕ੍ਰਮ ਨੂੰ ਸਥਿਰ ਕਰਨ ਲਈ (ਵਿਸ਼ੇਸ਼ ਤੌਰ ਤੇ ਕੰਪਿਊਟਰੀਕ੍ਰਿਤ ਵਾਤਾਵਰਣ ਵਿਚ); ਜਿਵੇਂ ਕਿ,<br>635.9 ::582.734 Ornamental Rose. |

### 2.3.2 ਭਾਸ਼ਾ ਦੀਆਂ ਸਾਂਝੀਆਂ ਆਗਜ਼ੀਲੀਅਰੀਆਂ

ਇਹ ਆਗਜ਼ੀਲੀਅਰੀ ਉਸ ਭਾਸ਼ਾ ਨੂੰ ਦੱਸਣ ਬਾਰੇ ਵਰਤੀ ਜਾਂਦੀ ਹੈ ਜਿਸ ਭਾਸ਼ਾ ਵਿਚ ਪ੍ਰਲੇਖ ਲਿਖਿਆ

ਗਿਆ ਹੋਵੇ। ਭਾਸ਼ਾ ਦਾ ਨੰਬਰ ਮੁੱਖ ਵਰਗ 4 ਵਿਚੋਂ ਲਿਆ ਜਾਂਦਾ ਹੈ ਅਤੇ ਸੰਬੰਧਤ ਨੰਬਰ ਵਰਤਣ ਵੇਲੇ ਮੁੱਖ ਵਰਗ 4 ਦੀ ਥਾਂ ''ਬਰਾਬਰ ਹੈ'' ''='' ਚਿੰਨ੍ਹ ਵਰਤ ਲਿਆ ਜਾਂਦਾ ਹੈ। ਇਹ ਸਪਸ਼ਟ ਤੌਰ ਤੇ ਸਮਝ ਲਿਆ ਜਾਣਾ ਚਾਹੀਦਾ ਹੈ ਕਿ ਇਹ ਵਿਧੀ ਜਾਂ ਜੁਗਤ ਇਕ ਵਿਸ਼ੇਸ਼ ਪੁਸਤਕ ਦੇ ਭੌਤਿਕ ਬਿਰਤਾਂਤ ਦੇ ਹਿੱਸੇ ਵਜੋਂ ਵਰਤੀ ਜਾਂਦੀ ਹੈ, ਨਾ ਕਿ ਪੁਸਤਕ ਦਾ ਵਿਸ਼ਾ ਬਿਆਨ ਕਰਨ ਲਈ।

ਉਦਾਹਰਣ :

| | | |
|---|---|---|
| 1. | 5/6 (03)=914.3 | Encyclopedia of Science and Technology in Hindi |
| 2. | 22.05=948.3 | The Bible in Telugu Translation |
| 3. | 633.88(038) =20=914.3 | English-Hindi Dictionary of Medicinal Plants |

2.3.3 **ਆਕਾਰ ਦੀਆਂ ਸਾਂਝੀਆਂ ਆਗਜ਼ੀਲੀਅਰੀਆਂ '0''** (ਵੇਖੋ ਯੂਡੀਸੀ. ਪੰਨੇ 11–12) :– ਆਕਾਰ ਉਪਵੰਡਾਂ ਡੀਡੀਸੀ ਦੀ ਪ੍ਰਮਾਣਿਕ ਉਪਵੰਡਾਂ ਨਾਲ ਮਿਲਦੀਆਂ ਜੁਲਦੀਆਂ ਹਨ ਪਰ ਇਨ੍ਹਾਂ ਨੂੰ ਗੋਲ ਬ੍ਰੈਕਟਾਂ ਵਿਚ ਲਿਖ ਕੇ ਵਰਤਿਆ ਜਾਂਦਾ ਹੈ। ਇਨ੍ਹਾਂ ਦੀ ਕਾਫੀ ਵਿਆਪਕ ਲਿਸਟ ਬਣਾਈ ਗਈ ਹੈ ਅਤੇ ਆਮ ਤੌਰ ਤੇ ਪੁਸਤਕ ਦੇ ਬਾਹਰੀ ਰੂਪ ਨੂੰ ਵਿਅਕਤ ਕਰਦੀਆਂ ਹਨ। ਇਸ ਵਿਚੋਂ 'Theory and Philosophy' and 'Study and Teaching' ਨੂੰ ਛੱਡ ਦਿੱਤਾ ਗਿਆ ਹੈ।

ਉਦਾਹਰਣਾਂ :

| | | |
|---|---|---|
| a) | 027.5(545.3 HAR) (094.5) | Harayana Public Libraries Act |
| b) | 577.3 (09) | History of Biophysics |
| c) | 378 (048) | Higher Education Abstracts |

2.3.4 **ਥਾਂ ਦੀਆਂ ਸਾਂਝੀਆਂ ਆਗਜ਼ੀਲੀਅਰੀਆਂ** (1/9) (ਪੰਨੇ 13–20) :– ਇਹ ਉਪਵੰਡਾਂ ਡੀਡੀਸੀ ਦੀ ਖੇਤਰ ਸਾਰਣੀ ਨਾਲ ਮੇਲ ਖਾਂਦੀਆਂ ਹਨ। ਇਸ ਵਿਚ ਰਾਜਨੀਤਿਕ ਉਪ ਵੰਡਾਂ ਤੋ ਅਲਾਵਾ ਥਾਂ ਦੇ ਹੋਰ ਉਪ ਪਹਿਲੂ ਜਿਵੇਂ ਕਿ ਖਿੱਤੇ (Zones), ਓਰੀਐਂਟੇਸ਼ਨ, ਭੌਤਿਕ ਗੁਣ ਆਦਿ ਵੀ ਮਿਲਦੇ ਹਨ। ਇਨ੍ਹਾਂ ਨੂੰ ਮੂਲ ਪਹਿਲੂਆਂ ਦੇ ਤੌਰ ਤੇ ਵਰਤਿਆ ਜਾ ਸਕਦਾ ਹੈ। ਇਹ ਨੰਬਰ ਗੋਲ ਬ੍ਰੈਕਿਟਾਂ ਵਿਚ ਲਗਾਏ ਜਾਂਦੇ ਹਨ ਅਤੇ ਦੋ ਦੇਸ਼ਾਂ ਵਿਚਕਾਰ ਸੰਬੰਧ ਵਿਖਾਉਣ ਲਈ ਕੋਲਨ (:) ਚਿੰਨ੍ਹ ਦੀ ਵਰਤੋਂ ਕੀਤੀ ਜਾਂਦੀ ਹੈ।

ਉਦਾਹਰਣਾਂ

| | | |
|---|---|---|
| a) | 027.7(540) | University Libraries in India |
| b) | 327(540:510) | Foreign Relations between India and China. |

ਜਦੋਂ ਪੁਸਤਕ ਦਾ ਵਿਸ਼ਾ ਵਧੇਰੇ ਕਰਕੇ ਭੂਗੋਲਿਕ ਜਾਂ ਖੇਤਰੀ ਪੱਖ ਨੂੰ ਵਧੇਰੇ ਤਰਜੀਹ ਦਿੰਦਾ ਹੋਵੇ ਤਾਂ ਆਗਜ਼ੀਲੀਅਰੀ ਨੰਬਰ ਮੁੱਖ ਵਰਗ ਦੇ ਨੰਬਰ ਤੋਂ ਪਹਿਲਾਂ ਆ ਜਾਂਦਾ ਹੈ।

| | | |
|---|---|---|
| c) | (540) 388.9 | Indian Air Transport Systems |
| d) | (520) 347.772 | Japanese Trade Mark Laws |

ਕੁਝ ਹਾਲਤਾਂ ਵਿਚ ਥਾਂ ਨੂੰ ਅੰਤਰਵਿਧੀ ਜੁਗਤ (Intercalation device) ਵਜੋਂ ਵੀ ਵਰਤਿਆ ਜਾ ਸਕਦਾ ਹੈ, ਅਰਥਾਤ ਥਾਂ ਦੇ ਨੰਬਰ ਨੂੰ ਪਹਿਲਾਂ ਤੋਂ ਤਿਆਰ ਕੀਤੀ ਗਈ ਸੰਕੇਤਨ ਦੇ ਵਿਚਕਾਰ ਜੋੜ ਕੇ ਪਹਿਲੂ ਕ੍ਰਮ ਨੂੰ ਬਦਲਿਆ ਜਾ ਸਕਦਾ ਹੈ।

| | | |
|---|---|---|
| e) | 329.1 | Communist Party |
| | 329(540) 1 | Communist Party of India Orientation |
| f) | 622.33(540-11) | Coal Mining in Eastern Regions of India |
| g) | 634.0(540-18) | Forest Products of North Eastern Regions of India. |
| h) | 027.4 (540-202) | Public Library Service in Rural Areas of India |
| j) | 63 1.67(545.3-202) | Canal Irrigation in Rural Punjab. |

**2.3.5 ਨਸਲ ਅਤੇ ਕੌਮੀਅਤ ਦੀਆਂ ਸਾਂਝੀਆਂ ਆਗਜ਼ੀਲੀਅਰੀਆਂ (ਪੰਨਾ 21)** :– ਇਹ ਭਾਸ਼ਾ ਦੀਆਂ ਸਾਂਝੀਆਂ ਆਗਜ਼ੀਲਅਰੀਆਂ ਵਾਂਗ ਹੈ ਅਤੇ ਮੁਖ ਭਾਸ਼ਾਈ ਸਾਰਣੀ ਤੋਂ ਤਿਆਰ ਕੀਤੀ ਜਾ ਸਕਦੀ ਹੈ। ਇਸ ਆਗਜ਼ੀਲਅਰੀ ਦੇ ਨੰਬਰ, ਵਰਗ ਅੰਕ ਵਿਚ ਪਹਿਲਾਂ ਆਏ ਨੰਬਰ ਦੇ ਨਸਲੀ ਪੱਖ ਨੂੰ ਉਜਾਗਰ ਕਰਦੇ ਹਨ। ਇਸ ਪਹਿਲੂ ਦੀ ਬਹੁਤ ਘੱਟ ਵਰਤੋਂ ਹੁੰਦੀ ਹੈ।

ਉਦਾਹਰਣ :

a) 301. 16 (=914.3) Study of Social Relations among Hindus

b) 392.5 (=924) Marriage Customs of Jews

c) 325 .48 (=96) The Rise of Independence Movement among the Africans

**2.3.6 'ਕਾਲ' ਦੀਆਂ ਸਾਂਝੀਆਂ ਆਗਜ਼ੀਲੀਅਰੀਆਂ ''.....'' (ਵੇਖੋ ਯੂਡੀਸੀ ਪੰਨਾ 22)** :– ਇਹ ਅੰਕ ਕਿਸੇ ਕਿਰਤ ਵਿਚ ਕਾਲ ਦੀ ਹੱਦ ਦੱਸਣ ਜਾਂ ਕਦੇ–ਕਦੇ ਇਹ ਕਿਰਤ ਕਦੋਂ ਹੋਂਦ ਵਿੱਚ ਆਈ, ਆਦਿ ਦੀ ਜਾਣਕਾਰੀ ਦੇਣ ਲਈ ਵਰਤੇ ਜਾਂਦੇ ਹਨ। ਸਾਲ, ਮਹੀਨੇ ਅਤੇ ਦਿਨਾਂ ਨੂੰ ਤਰਕਪੂਰਣ ਕ੍ਰਮ ਵਿਚ ਜੋੜਿਆ ਜਾ ਸਕਦਾ ਹੈ। ਸ਼ਤਾਬਦੀਆਂ ਨੂੰ 2 ਜਾਂ 3 ਪਦਾਂ ਦੀ ਵਰਤੋਂ ਨਾਲ ਦਰਸਾਇਆ ਜਾ ਸਕਦਾ ਹੈ। ਇਸ ਸਾਰਣੀ ਵਿੱਚ ਕਾਲ ਦੀਆਂ ਹੋਰ ਉਪ–ਵੰਡਾਂ ਜਿਵੇਂ ਕਿ ਮੌਸਮ, ਮਹੀਨੇ, ਦਿਨ, ਘੰਟੇ ਅਤੇ ਇਥੋਂ ਤਕ ਕਿ ਮਿਨਟ ਆਦਿ ਵੀ ਦਿੱਤੇ ਗਏ ਹਨ। ਯੂਡੀਸੀ ਕਾਲ ਪਹਿਲੂ ਵਿਚ ਅਤਿਅੰਤ ਲਚਕ ਬਹੁਤ ਹੀ ਲਾਭਦਾਇਕ ਸਾਬਿਤ ਹੋਈ ਹੈ। ਇਕ ਸਾਲ ਲਈ ਘੱਟ ਤੋਂ ਘੱਟ 4 ਪਦ, ਦਹਾਕੇ ਜਾਂ ਦਸ ਸਾਲ ਲਈ 3 ਪਦ, ਸ਼ਤਾਬਦੀ ਲਈ 2 ਪਦ, ਆਦਿ ਦੀ ਵਰਤੋਂ ਕੀਤੀ ਗਈ ਹੈ।

"1981.01.26" 26th January 1981

"0727" (A.D.727), "0004"(A.D.4), "198", the 1980's "085"

ਉਪਰ ਦਿੱਤੀ ਉਦਾਹਰਣ ਵਿਚ 1980ਵੇਂ ਦਹਾਕੇ ਲਈ ''085''; 20ਵੀਂ ਸਦੀ ਲਈ ''19'' ਅਤੇ ਦੂਜੀ ਸ਼ਤਾਬਦੀ ਲਈ ''01'' ਪਦ ਵਰਤੇ ਗਏ ਹਨ। ਈਸ਼ੂ ਦੇ ਜਨਮ ਤੋਂ ਪਹਿਲੇ ਸਮੇਂ ਨੂੰ ਦਰਸਾਉਣ ਲਈ ਮਨਫੀ (-) ਚਿੰਨ੍ਹ ਦੀ ਵਰਤੋਂ ਕੀਤੀ ਜਾਂਦੀ ਹੈ। ਜਿਵੇਂ ਕਿ 32 ਈਸਵੀ ਪੂਰਵ ਸਮੇਂ ਲਈ ''–0032''; ਈਸਵੀ ਪੂਰਵ ਦੂਜੀ ਸ਼ਤਾਬਦੀ ਲਈ ''–02'' ਅੰਕ ਬਣਦੇ ਹਨ। ਬਹੁਤ ਸਾਰੀਆਂ ਸ਼ਤਾਬਦੀਆਂ, ਦਹਾਕਿਆਂ ਅਤੇ ਸਾਲਾਂ ਦੇ ਲੰਮੇ ਸਮੇਂ ਨੂੰ ਇਕੱਠੇ ਵਿਅਕਤ ਕਰਨ ਲਈ ਅਰੰਭਕ ਅਤੇ ਅੰਤਿਮ ਅੰਕਾਂ ਦਰਮਿਆਨ ਸਲੈਸ਼ (/) ਚਿੰਨ੍ਹ ਦੀ ਵਰਤੋਂ ਕੀਤੀ ਜਾਂਦੀ ਹੈ। ਜਿਵੇਂ ਕਿ :

"04/14" Middle Ages

"18/19" 19th to 20th Century

"187/189" The "Seventies", "Eighties" and "Nineties" of the 19th Century.

ਕਾਲ ਪਹਿਲੂ ਦੇ ਦੂਜੇ ਪੱਖ ''3/7'' ਤਕ ਦੇ ਪਦਾਂ ਵਿੱਚ ਰਖੇ ਗਏ ਹਨ; ਭੂਤ, ਵਰਤਮਾਨ ਅਤੇ ਭਵਿੱਖ ਲਈ ''31'' ਪਦ ਵਰਤਿਆ ਗਿਆ ਹੈ। ਉਦਾਹਰਣ ਵਜੋਂ ਭਾਰਤ ਵਿਚ ਲਾਇਬ੍ਰੇਰੀ ਵਰਗੀਕਰਣ ਦਾ ਭਵਿੱਖ ਲਈ ਵਰਗ ਅੰਕ 025.4 (540) ''313'' ਉਦਾਹਰਨ ਵਿਚ ''313'' ਭਵਿੱਖ ਨੂੰ ਵਿਅਕਤ ਕਰਦਾ ਹੈ। ''32/37 ਵਿਚ ਮੌਸਮ, ਸਾਲ ਦੇ ਮਹੀਨੇ, ਸ਼ਾਂਤੀ ਕਾਲ, ਯੁੱਧ ਕਾਲ, ਕਾਰਜ ਕਾਲ ਆਦਿ ਆਉਂਦੇ ਹਨ। ''4'' ਪਦ ਕਾਲ ਦੀ ਅਵਧੀ ਲਈ ਰੱਖਿਆ ਗਿਆ ਹੈ।

**2.3.7 ਅੱਖਰਵਾਰ ਅਤੇ ਗੈਰ ਦਸ਼ਮਲਵ–ਸੰਖਿਆਤਮਕ ਉਪ–ਵੰਡਾਂ** :– ਯੂਡੀਸੀ ਦੀਆਂ ਮੁੱਖ ਸਾਰਣੀਆਂ ਅਤੇ ਵੱਖ–ਵੱਖ ਆਗਜ਼ੀਲਅਰੀਆਂ ਵਿਸ਼ਿਆਂ ਨੂੰ ਵਰਗ ਅੰਕ ਦੇਣ ਲਈ ਵਰਤੀਆਂ ਜਾਂਦੀਆਂ ਹਨ ਜਦੋਂ ਕਿ ਇਹ ਨਿਜੀ ਨਾਵਾਂ ਅਤੇ ਨੰਬਰਾਂ ਨੂੰ ਵਖਰਿਆਉਣ ਵਿਚ ਮਦਦ ਨਹੀਂ ਕਰਦੀਆਂ। ਇਸ ਲਈ ਇਨ੍ਹਾਂ ਨੂੰ ਹਾਲਾਤਾਂ ਮੁਤਾਬਕ ਵਿਅਕਤੀ, ਥਾਂ ਜਾਂ ਵਸਤੂ ਦੇ ਮੁਢਲੇ, ਪਹਿਲੇ ਤਿੰਨ ਜਾਂ ਵੱਧ ਅੱਖਰਾਂ ਜਾਂ ਪੂਰੇ ਨਾਮ ਦੀ ਅੱਖਰਵਾਰ ਤਰਤੀਬ ਨਾਲ ਦਰਸਾਇਆ ਜਾਂਦਾ ਹੈ। ਇਨ੍ਹਾਂ ਨੂੰ ਅਕਸਰ ਸਾਰਣੀ ਵਿਚ ਨਿਰਦੇਸ਼ ਕੀਤੀ ਥਾਂਵਾਂ ਤੇ ਹੀ ਵਰਤਿਆ ਜਾਂਦਾ ਹੈ, ਅਤੇ ਇਹ ਵਿਸ਼ੇਸ਼ ਤੌਰ ਤੇ ਨਿਜੀ ਜੀਵਨੀਆਂ, ਸਾਹਿਤ ਵਿਚ ਨਿਜੀ ਲੇਖਕਾਂ ਅਤੇ

''ਵਰਗ'' ਵਿਚ ਨਿਜੀ ਦਰਸ਼ਨ-ਸ਼ਾਸਤਰੀਆਂ ਲਈ ਲਾਭਦਾਇਕ ਹੁੰਦੀਆਂ ਹਨ।

ਉਦਾਹਰਣ :

| | | |
|---|---|---|
| a) | 92 (Nehru) | Biography of Jawaharlal Nehru |
| b) | 025.49DDC | Dewey Decimal Classification |
| c) | 891.43(Prem) | The Works of Munsi Premchand |
| e) | 891.44 - 1 "19" | Tagore 7 Geetanjali.03 = 20<br>Geetanjali by Tagore translated into English. |

2.3.8 **ਦ੍ਰਿਸ਼ਟੀਕੋਣ-ਅੰਕਾਂ ਦੀਆਂ ਸਾਂਝੀਆਂ ਆਗਜ਼ੀਲੀਅਰੀਆਂ -00** :- ਆਗਜ਼ੀਲੀਅਰੀ ਸਾਰਣੀਆਂ ਦੀ ਇਕ ਹੋਰ ਵਿਸ਼ੇਸ਼ਤਾ ਦ੍ਰਿਸ਼ਟੀਕੋਣ ਲਈ .00 ਯੋਜਕ ਚਿੰਨ੍ਹ ਤੋਂ ਬਾਅਦ ਵਰਤੀ ਜਾਣ ਵਾਲੀ ਆਗਜ਼ੀਲਅਰੀ ਸਾਰਣੀ ਹੈ। ਇਹ ਟੇਬਲ ਸਾਰੀਆਂ ਵਿਸ਼ਾ ਸਾਰਣੀਆਂ ਨਾਲ ਜਿਥੇ ਕਿਤੇ ਲੋੜ ਹੋਵੇ ਵਰਤੀ ਜਾ ਸਕਦੀ ਹੈ। .001/.009 ਤਕ ਲਿਖਿਤ ਆਗਜ਼ੀਲੀਅਰੀਆਂ ਨਿਵੇਕਲੀ ਪਰ ਵਿਆਪਕ ਪਹੁੰਚ ਪ੍ਰਦਾਨ ਕਰਦੀਆਂ ਹਨ। ਇਹ ਇਸ ਪ੍ਰਕਾਰ ਹਨ :

.001 Theoretical point of view. Aim, Trials and Tests, Research and Development.
.002 Practical point of view, Realization, Execution, production, Materials, Plant, Products.
.003 Economic, Financial and Commercial point of view,
.004 Use, Operation, Care, etc.
.005 Installation, Equipment point of view.
.006 Space, Site, Accommodation point of view.
.007 Personnel, Staff, Manpower point of view.
.008 Organisation, Management point of view.
.009 Social and Ethical point of view, Public Relations, Responsibility, Obligations, etc.

ਹੇਠ ਲਿਖੀਆਂ ਉਦਾਹਰਣਾਂ ਵਿਚ ਉਦਯੋਗ ਦੇ ਵੱਖ-ਵੱਖ ਪੱਖਾਂ ਨੂੰ ਵਿਅਕਤ ਕਰਨ ਲਈ ਦ੍ਰਿਸ਼ਟੀਕੋਣ ਨੰਬਰਾਂ ਦੀ ਵਰਤੋਂ ਕੀਤੀ ਗਈ ਹੈ:

621.9(548)(HMT)

.001 Programme, research, development
.002 Production and technique problems
.003 Commercial and financial aspects
.004 Operation
.005 Equipment and Installation problems
.006 Space, site, accommodation, etc.
.007 Manpower and personnel problems
.008 Administration and Management

ਜਾਣ-ਪਛਾਣ ਵਾਲੇ ਚੈਪਟਰ ਵਿਚ ਇਹਨਾਂ ਦ੍ਰਿਸ਼ਟੀਕੋਣ ਨੰਬਰਾਂ ਦੀ ਵਧੇਰੇ ਵਿਸ਼ੇਸ਼ ਵਰਤੋਂ ਦੀ ਵਿਆਖਿਆ ਕੀਤੀ ਗਈ ਹੈ। ਅਜਿਹਾ .00 ਨੰਬਰਾਂ ਤੋਂ ਬਾਅਦ ਦ੍ਰਿਸ਼ਟੀਕੋਣ ਨੰਬਰ ਜੋੜ ਕੇ ਕੀਤਾ ਜਾਂਦਾ ਹੈ।

ਉਦਾਹਰਣ :

| | |
|---|---|
| 658.8.007 (540) | Marketing Personnel in India |
| 658.8.007 (540) : 374.74 | Commercial Contracts-Law for (repeat title 1) |

658.8.007 (540) : 351.83 Labour Legislation for (repeat title 1)

658.8.007 (540) : 362.62 Retirement Pension for (repeat title 1)

ਇਕ ਹੋਰ ਨਵਾਂ ਤੱਤ ਜਿਹੜਾ ਕਿ ਯੂਡੀਸੀ ਦੇ 1961 ਵਾਲੇ ਤੀਜੇ ਸੰਸਕਰਣ ਵਿਚ ਨਹੀਂ ਸੀ, ਉਸ ਅਨੁਸਾਰ .000.0/.9 ਲੇਖਕ ਦਾ ਨਿਜੀ ਦ੍ਰਿਸ਼ਟੀਕੋਣ ਵਿਅਕਤ ਕਰਨ ਬਾਰੇ ਹੈ। ਇਸ ਨਾਲ ਮੂਲ ਵਿਸ਼ੇ ਨੂੰ ਹੋਰ ਤਿੱਖਾ ਕਰਨ ਲਈ ਮਦਦ ਮਿਲ ਸਕੇਗੀ।

ਉਦਾਹਰਣ 301.172.00.329.14 ਸੋਸ਼ਲਿਸਟ ਦ੍ਰਿਸ਼ਟੀਕੋਣ ਤੋਂ ਲੀਡਰਸ਼ਿਪ

ਫਾਸਕਿਟ (Foskett) ਮੁਤਾਬਕ –0 ਦੀ ਸ਼ਮੂਲੀਅਤ ਅਤੇ –05 ਵਿਅਕਤੀਆਂ ਲਈ ਇਸਦੀ ਵਰਤੋਂ ਸਾਂਝੀਆਂ ਆਗਜ਼ੀਲਅਰੀਆਂ ਦੇ ਖੇਤਰ ਵਿਚ ਇਕ ਨਵੀਂ ਕਾਢ ਹੈ। 1961 ਵਿਚ ਛਪੇ ਤੀਜੇ ਸੰਖਿਪਤ ਸੰਸਕਰਣ ਵਿਚ ਇਸਦੀ ਗਿਣਤੀ 3 Social Sciences ਵਿਸ਼ੇ ਹੇਠ ਕੀਤੀ ਗਈ ਸੀ ਅਤੇ ਕੁਝ ਹੋਰ ਥਾਵਾਂ ਤੇ ਇਸਦੀ ਵਰਤੋਂ ਲਈ ਉਪਬੰਧ ਕੀਤੇ ਗਏ ਸਨ। ਹੁਣ ਇਸਨੂੰ ਸਾਂਝੀਆਂ ਆਗਜ਼ੀਲਅਰੀਆਂ ਵਿਚ ਤਬਦੀਲ ਕਰ ਦਿੱਤਾ ਗਿਆ ਹੈ ਅਤੇ ਜਿਥੇ ਕਿਤੇ ਲੋੜ ਹੋਵੇ ਵਰਤਿਆ ਜਾ ਸਕਦਾ ਹੈ; ਜਿਵੇਂ ਕਿ 61–055.2 ਵਰਗ ਅੰਕ Female Doctor ਵਿਚ –055 ਦੀ ਵਰਤੋਂ ਕੀਤੀ ਗਈ ਹੈ। ਇਹਨਾਂ ਸਾਂਝੀਆਂ ਆਗਜ਼ੀਲਅਰੀਆਂ ਨੂੰ ਕਿਸੇ ਵੀ ਵਿਸ਼ੇ ਦੀ ਵਿਆਪਕਤਾ ਜਾਂ ਸੂਖਮਤਾ ਦੇ ਬਾਵਜੂਦ ਵੀ ਲਾਗੂ ਕੀਤਾ ਜਾ ਸਕਦਾ ਹੈ। ਦੂਜੇ ਸ਼ਬਦਾਂ ਵਿਚ ਅਸੀਂ ਆਖ ਸਕਦੇ ਹਾਂ ਕਿ ਇਹ ਅਨੁਸੂਚਿਤ (Scheduled) ਯਾਦ ਸਹਾਇਕਾਂ ਵਜੋਂ ਕੰਮ ਕਰਦੇ ਹਨ, ਜਿਹੜੀ ਕਿ ਸੰਕੇਤਨ ਦੇ ਚੰਗੇ ਗੁਣਾਂ ਵਿਚੋਂ ਇਕ ਹੈ।

**2.4 ਵਿਸ਼ੇਸ਼ ਆਗਜ਼ੀਲਅਰੀ ਉਪ–ਵੰਡਾਂ .0; ਅਤੇ –, ਆਦਿ :–**

ਜਿਵੇਂ ਕਿ ਅਸੀਂ ਅਧਿਐਨ ਕੀਤਾ ਹੈ, ਸਾਂਝੀਆਂ ਆਗਜ਼ੀਲੀਅਰੀਆਂ ਗਿਆਨ ਜਗਤ ਦੀ ਸਾਰੀਆਂ ਸ਼ਾਖਾਵਾਂ ਵਿਚ ਆਉਣ ਵਾਲੇ ਉਪ–ਵਿਚਾਰਾਂ ਨੂੰ ਆਪਣੇ ਨਿਸ਼ਚਿਤ ਚਿੰਨ੍ਹ ਦੀ ਮਦਦ ਨਾਲ ਪੇਸ਼ ਕਰਦੀਆਂ ਹਨ। ਇਹ ਸਾਰੀ ਪ੍ਰਣਾਲੀ ਵਿਚ ਲਾਗੂ ਹੁੰਦੀਆਂ ਹਨ। ਇਸਦੇ ਵਿਪਰੀਤ ਵਿਸ਼ੇਸ਼ ਆਗਜ਼ੀਲੀਅਰੀਆਂ ਕੇਵਲ ਉਸੀ ਕਲਾਸ ਲਈ ਵਰਤੀਆਂ ਜਾਂਦੀਆਂ ਹਨ ਜਿਥੇ ਕਿ ਇਨ੍ਹਾਂ ਨੂੰ ਵਰਤਣ ਲਈ ਲਿਖਿਆ ਹੁੰਦਾ ਹੈ। ਵਿਸ਼ੇਸ਼ ਆਗਜ਼ੀਲੀਅਰੀਆਂ ਨੂੰ ਉਸ ਵਰਗ ਜਾਂ ਕਲਾਸ ਤੋਂ ਬਾਹਰ ਵਾਲੇ ਨੰਬਰਾਂ ਲਈ ਨਹੀਂ ਵਰਤਿਆ ਜਾ ਸਕਦਾ। ਵਿਸ਼ੇਸ਼ ਆਗਜ਼ੀਲੀਅਰੀਆਂ ਦੀ ਪਛਾਣ ਲਈ ਯੂਡੀਸੀ ਵਿਚ – (ਜੋੜਨੀ), .0 (ਡਾਟ ਸਿਫਰ) ਅਤੇ ‘ (ਪੁੱਠਾ ਕਾਮਾ) ਚਿੰਨ੍ਹ ਵਰਤੇ ਜਾਂਦੇ ਹਨ। ਚਿੰਨ੍ਹਾਂ – ਅਤੇ 0 ਦੀ ਵਰਤੋਂ ਕਿਸੇ ਪਹਿਲੂ ਲਈ ਤਿਆਰ ਕੀਤੇ ਵਿਸ਼ੇਸ਼ ਪਹਿਲੂਆਂ ਨੂੰ ਜੋੜਨ ਲਈ ਕੀਤੀ ਜਾਂਦੀ ਹੈ। ਇੰਜੀਨੀਅਰਿੰਗ ਵਿਸ਼ੇ ਵਿਚ ‘–’ ਚਿੰਨ੍ਹ ਪਹਿਲੂ ਦੇ ਭਾਗਾਂ ਵਾਲੇ ਪਹਿਲੂਆਂ ਨੂੰ ਪਛਾਣਨ ਲਈ ਵਰਤਿਆ ਜਾਂਦਾ ਹੈ। ਸਿਵਿਲ ਇੰਜੀਨੀਅਰਿੰਗ ਵਿਚ 0 ਚਿੰਨ੍ਹ ਵੱਖ–ਵੱਖ ਪਹਿਲੂਆਂ ਨੂੰ ਜੋੜਨ ਲਈ ਅਤੇ ਕੈਮੀਕਲ ਇੰਜੀਨੀਅਰਿੰਗ ਵਿਚ Operations ਪਹਿਲੂਆਂ ਨੂੰ ਪਛਾਣਨ ਲਈ ਵਰਤਿਆ ਜਾਂਦਾ ਹੈ। ਵਿਸ਼ੇਸ਼ ਆਗਜ਼ੀਲਅਰੀਆਂ ਨੂੰ ਵੱਖ–ਵੱਖ ਭਾਵਾਂ ਜਾਂ ਅਰਥਾਂ ਲਈ ਵਰਤਿਆ ਜਾਂਦਾ ਹੈ। ਉਦਾਹਰਣ ਵਜੋਂ 54, 621 ਅਤੇ 622 ਲਈ –3 ਅੱਡ ਭਾਵ ਲਈ ਵਰਤਿਆ ਜਾਂਦਾ ਹੈ। ਜਦੋਂਕਿ 06, 22, 331, 34, 53, 624, 654, 565 ਅਤੇ 66, 67 ਅਤੇ 7 ਦੀਆਂ ਮੁੱਖ ਉਪਵੰਡਾਂ ਲਈ 05 ਦੀ ਵਰਤੋਂ ਅੱਡ–ਅੱਡ ਅਰਥਾਂ ਲਈ ਕੀਤੀ ਜਾਂਦੀ ਹੈ।

ਉਦਾਹਰਣ :

a) 62-2 1 Fixed parts, Frame, Housing Mounting.

b) 891.43-31 Hindi Novels.

c) 66.04 Heat transfer treatments. Furnaces.

ਪੁਠਾ ਕਾਮਾ ‘‘’ ਦੀ ਵਰਤੋਂ ਅਕਸਰ ਵਿਸ਼ੇਸ਼ ਆਗਜ਼ੀਲੀਅਰੀਆਂ ਲਈ ਕੀਤੀ ਜਾਂਦੀ ਹੈ। ਯੂਡੀਸੀ ਦੀ ਆਗਜ਼ੀਲੀਅਰੀ ਸੰਕੇਤਨ ਵਿਚ ਇਹ ਕਾਫੀ ਲੇਟ ਜੋੜੀ ਗਈ ਹੈ। ਇਸਦੀ ਵਰਤੋਂ ਆਮਤੌਰ ਤੇ ਕੈਮਿਸਟਰੀ ਅਤੇ ਕੈਮੀਕਲ ਟੈਕਨਾਲੋਜੀ ਵਿਸ਼ਿਆਂ ਵਿਚ ਕੀਤੀ ਗਈ ਹੈ। ਇਹ ਮੁੱਖ ਪਹਿਲੂਆਂ ਦੇ ਉਪ–ਪਹਿਲੂਆਂ ਦੀ ਪਛਾਣ ਕਰਦੀ ਹੈ।

ਉਦਾਹਰਣਾਂ :

| | | |
|---|---|---|
| a) | 546.33 | Sodium |
| | 566.12 | Halogens in General |
| | 546.33'12 | Sodium Halogens Compound |
| b) | 547.29 | Carboxylic acids |
| | 547.26 | Alcohols and their esters |
| | 547.29'26 | Carboxy-acid esters |
| c) | 669.15 | Alloys of Iron |
| | 669.248 | Nickel Planting |
| | 669. 15'248 | Nickel Plating of Iron |

ਇਹ ਜੁਗਤਾਂ ਯੂਡੀਸੀ ਦੀ ਸੰਕੇਤਨ ਵਿਚ ਸੰਸ਼ਲੇਸ਼ਣਾਤਮਕ ਗੁਣ ਜੋੜਦੀਆਂ ਹਨ। ਇਹ ਕੁਝ ਹੱਦ ਤਕ ਯੂਡੀਸੀ ਵਿਚ ਅੰਤਰ-ਪੰਗਤੀ ਸੰਬੰਧ ਪ੍ਰਾਪਤ ਕਰਨ ਵਿਚ ਮਦਦ ਵੀ ਕਰਦੀਆਂ ਹਨ।

## 2.5 ਯੂਡੀਸੀ ਦਾ ਹਵਾਲਾ ਕ੍ਰਮ :-

ਯੂਡੀਸੀ ਲਈ ਗਾਈਡ ਵਿਚ ਵਿਸ਼ਾ ਨੰਬਰ ਬਣਾਉਣ ਲਈ ਵਰਤੇ ਤੱਤਾਂ ਦਾ ਹਵਾਲਾ ਕ੍ਰਮ ਨਿਰਧਾਰਤ ਕਰਨ ਲਈ ਸੇਧਾਂ ਦਿੱਤੀਆਂ ਗਈਆਂ ਹਨ। ਆਮ ਜਾਂ ਆਮ ਵਰਗੇ ਸੰਗ੍ਰਹਿ ਲਈ ਅਕਸਰ ਪਹਿਲਾ ਕੰਮ ਹੁੰਦਾ ਹੈ ਮੁੱਖ ਵਿਸ਼ਾ ਨਿਰਧਾਰਤ ਕਰਨਾ ਤਾਂ ਜੋ ਵਰਗੀਕਰਣ ਦਾ ਕੰਮ ਅਰੰਭ ਕੀਤਾ ਜਾ ਸਕੇ। ਯੂਡੀਸੀ ਵਿਚ ਲੁਪਤ ਪਹਿਲਾ ਨਿਯਮ ਹੈ ਕਿ ਪ੍ਰਲੇਖ ਦੇ ਵਿਸ਼ੇਸ਼ ਗਿਆਨ ਜਗਤ ਦੇ ਆਮ ਸੰਕਲਪ ਨੂੰ ਪਹਿਲਤਾ ਦਿੱਤੀ ਜਾਵੇ ਅਤੇ ਸਥੂਲ ਤੱਤਾਂ ਨੂੰ ਉਸਤੋਂ ਬਾਅਦ ਲਗਾਇਆ ਜਾਵੇ। ਯੂਡੀਸੀ ਲਈ ਗਾਈਡ ਵਾਲੇ ਨਿਯਮਾਂ ਅਨੁਸਾਰ ਅੱਗੇ ਬਿਆਨ ਕੀਤਾ ਫਾਰਮੂਲਾ ਹਵਾਲਾ ਕ੍ਰਮ ਨਿਰਧਾਰਤ ਕਰਦਾ ਹੈ। ਇਹ ਫਾਰਮੂਲਾ ਹੈ : ਪੂਰਨ ਵਸਤੂ-ਕਿਸਮਾਂ-ਭਾਗ-ਮੈਟੀਰੀਅਲ ਗੁਣ-ਕਾਰਵਾਈਆਂ-ਏਜੰਟ। ਆਮਤੌਰ ਤੇ ਇਹ ਕ੍ਰਮ ਹੀ ਸੁਝਾਇਆ ਗਿਆ ਹੈ। ਕੋਈ ਹੋਰ ਕ੍ਰਮ ਵੀ ਵਰਤਿਆ ਜਾ ਸਕਦਾ ਹੈ, ਜੇਕਰ ਉਸਦੀ ਵਧੇਰੇ ਲੋੜ ਹੋਵੇ। ਉਦਾਹਰਣ ਦੇ ਤੌਰ ਤੇ ਅਸੀਂ ਵੇਖਦੇ ਹਾਂ ਕਿ ਯੂਡੀਸੀ ਵਿਚ ਔਰਤਾਂ, ਪੌਧੇ ਅਤੇ ਲੱਕੜ ਜਿਹੇ ਸਥੂਲ ਸੰਕਲਪਾਂ ਨੂੰ ਨਾਰੀ ਯੂਡੀਸੀ ਵਿਚ ਆਮ ਸੰਕਲਪਾਂ ਦੇ ਮਾਤਹਿਤ ਕਰਕੇ ਬਖੇਰ ਦਿਤਾ ਗਿਆ ਹੈ; ਜਿਵੇਂ ਕਿ ਔਰਤਾਂ ਦੇ ਸੰਕਲਪ ਨੂੰ ਸਮਾਜ ਸ਼ਾਸਤਰ, ਕਾਨੂੰਨ, ਦਵਾਈਆਂ, ਸਮਾਜ-ਭਲਾਈ, ਨੀਤੀ-ਸ਼ਾਸਤਰ, ਹਥਿਆਰਬੰਦ-ਫੌਜਾਂ, ਰਾਜਨੀਤੀ-ਵਿਗਿਆਨ ਅਤੇ ਹੋਰ ਬਹੁਤ ਸਾਰੇ ਆਮ ਸੰਕਲਪਾਂ ਦੇ ਮਾਤਹਿਤ ਰਖਿਆ ਗਿਆ ਹੈ। ਇਸੇ ਤਰ੍ਹਾਂ ਪੌਧਿਆਂ ਦੇ ਸੰਕਲਪ ਨੂੰ ਮਾਨਵਿਕੀ (Arts), ਜੀਵ-ਵਿਗਿਆਨ ਵਿਹਾਰਕ-ਅਰਥਵਿਗਿਆਨ, ਬਨਸਪਤੀ ਵਿਗਿਆਨ, ਖੇਤੀ-ਬਾੜੀ, ਬੀਮਾ, ਪਰਿਸਥਿਤੀ-ਵਿਗਿਆਨ (Ecology), ਆਂਤਰਿਕ-ਸਜਾਵਟ, ਪਸ਼ੂ-ਵਿਗਿਆਨ ਜਿਹੇ ਆਮ ਸੰਕਲਪਾਂ ਹੇਠ ਵੰਡਿਆ ਗਿਆ ਹੈ। ਔਰਤਾਂ ਅਤੇ ਪੌਧਿਆਂ ਵਾਂਗ ਲੱਕੜ ਦੇ ਸੰਕਲਪ ਨੂੰ ਇਮਾਰਤ ਬਣਾਉਣ ਦੀ ਸਮਗਰੀ, ਈਂਧਨ (Fuel), ਕਟਾਈ, ਪੇਂਟਿੰਗ, ਪੂਰਵ-ਇਤਿਹਾਸਕ, ਉਤਪਾਦ (Products), ਦਹਿਨ (Combustion), ਬੁੱਤਤਰਾਸ਼ੀ ਆਦਿ ਦੇ ਆਮ ਸੰਕਲਪਾਂ ਹੇਠ ਖਿੰਡਾ ਕੇ ਅਧਿਐਨ ਕੀਤਾ ਗਿਆ ਹੈ।

ਉਦਾਹਰਣਾਂ :

| | |
|---|---|
| 571.5 | Prehistoric objects-wood |
| 581 | Biology-plants |
| 581.5 | Ecology-plants |
| 582 | Systematic botany |
| 631.5 | Breeding-plants |
| 634.03 | Harvesting-wood |
| 634.0.81 | Wood |

| | |
|---|---|
| 662.71 | Fuel-wood |
| 691.11 | Building Material-wood |
| 7.043 | Artistic Representation-plants |
| 727.6 | Housing-plants |
| 75,023.1 | Painting-wood |

ਉਪਰ ਦਿਤੀਆਂ ਉਦਾਹਰਣਾਂ ਵਿਚ ਵਿਸ਼ੇ ਦੇ ਵਿਸ਼ੇਸ਼ ਸੰਕਲਪਾਂ ਨੂੰ ਵੱਖ-ਵੱਖ ਥਾਵਾਂ ਤੇ ਬਿਖਰਿਆ ਵਿਖਾਇਆ ਗਿਆ ਹੈ। ਪਰ ਜੇਕਰ ਵਰਗਕਾਰ ਅਜੇਹੇ ਵਿਸ਼ੇਸ਼ ਸੰਕਲਪ ਦੇ ਸਾਰੇ ਸੰਕਲਪਾਂ ਨੂੰ ਇਕ ਥਾਂ ਤੇ ਇਕੱਠਾ ਕਰਨਾ ਚਾਹੇ ਤਾਂ ਉਹ ਹੇਠ ਲਿਖੇ ਢੰਗ ਨਾਲ ਕਰ ਸਕਦਾ ਹੈ। ਯੂਡੀਸੀ ਵਿਚ ਲਚਕਤਾ ਦੇ ਨਿਯਮ ਨੂੰ ਕਾਫੀ ਹੱਦ ਤਕ ਪ੍ਰਾਪਤ ਕੀਤਾ ਗਿਆ ਹੈ।

| | |
|---|---|
| 3-055.2 | Women |
| :356 | Army Corps |
| 358.4 | Air Corps |
| :359 | Naval Service |
| :396 | Society |
| :396.1 | Emancipation |
| :396.6 | Family Status |
| :613.99 | Health and Hygiene |
| :618.1 | Diseases |

## 2.6 ਇਕ ਵਰਗ ਦੇ ਦਰਮਿਆਨ ਤਰਤੀਬ :-

ਯੂਡੀਸੀ ਹਰ ਇਕ ਵਰਗ ਲਈ ਇਕ ਨਿਸ਼ਚਿਤ ਫਾਰਮੂਲਾ ਨਹੀਂ ਦਿੰਦੀ। ਇਸਦੀ ਵੱਖ-ਵੱਖ ਲੋੜਾਂ ਦੀ ਪ੍ਰਾਪਤੀ ਲਈ ਲਚਕਤਾ ਇਸਦੀ ਤਾਕਤ ਦਾ ਇਕ ਹਿੱਸਾ ਹੈ। ਜੇਕਰ ਬਦਲਵੇਂ ਪ੍ਰਬੰਧਾਂ ਦੀ ਅਣਦੇਖੀ ਕੀਤੀ ਜਾਣੀ ਹੋਵੇ ਤਾਂ ਫੇਰ ਕਿਸੇ ਸੰਗ੍ਰਹਿ ਦੇ ਹਰੇਕ-ਵਰਗ ਲਈ ਇਕ ਨਿਸ਼ਚਿਤ ਪਹਿਲੂ ਫਾਰਮੂਲੇ ਦਾ ਨਿਰਣਾ ਲੈ ਲੈਣਾ ਚਾਹੀਦਾ ਹੈ। ਯੂਡੀਸੀ ਵਿਚ ਸਹਾਇਕ ਕ੍ਰਮ ਪ੍ਰਾਪਤ ਕਰਨ ਲਈ ਹਵਾਲਾ ਕ੍ਰਮ ਦਾ ਇਕ ਪ੍ਰਮਾਣਿਕ ਪਹਿਲੂ ਫਾਰਮੂਲਾ ਸੁਝਾਇਆ ਗਿਆ ਹੈ। ਇਹ ਫਾਰਮੂਲਾ ਹੈ : ਪੂਰਨ ਵਸਤੂ-ਕਿਸਮਾਂ-ਭਾਗ-ਮੈਟੀਰੀਅਲ-ਗੁਣ-ਕਾਰਵਾਈਆਂ-ਏਜੰਟ। ਯੂਡੀਸੀ ਵਿਚ ਵਰਗਕਾਰ ਨੂੰ ਹਵਾਲਾ ਕ੍ਰਮ ਨਿਰਧਾਰਤ ਕਰਨ ਲਈ ਬਹੁਤ ਸਾਰੀਆਂ ਹਿਦਾਇਤਾਂ ਦਿਤੀਆਂ ਗਈਆਂ ਹਨ। ਕੁਝ ਇਕ ਮੁੱਖ ਵਰਗ ਵਿਚ ਹਵਾਲਾ ਕ੍ਰਮ ਨਿਰਧਾਰਤ ਕਰਨ ਲਈ ਸੰਸ਼ਲੇਸ਼ਣ ਦੀ ਲੋੜ ਹੀ ਨਹੀਂ ਕਿਉਂਕਿ ਉਥੇ ਸਿਧੇ ਹੀ ਬਣੇ ਬਣਾਏ ਨੰਬਰ ਦੇ ਦਿੱਤੇ ਗਏ ਹਨ।

ਉਦਾਹਰਣ :

| | |
|---|---|
| 678.03 | Raw and semi processed materials |
| 678.04 | Accessory Materials |
| 678.05 | Plant, Machinery, Equipment |
| 678.06 | Applications, Finished Products, Wares |
| 678.07 | Materials according to special characteristics |

ਸਾਰਣੀਆਂ ਵਿਚ ਕੁਝ ਇਕ ਥਾਵਾਂ ਤੇ ਵੱਖ-ਵੱਖ ਸੰਕਲਪਾਂ ਨੂੰ ਮੁਖ-ਵਰਗਾਂ ਹੇਠ ਵਿਸ਼ੇਸ਼ ਜਾਂ ਸਾਂਝੀ ਆਰਗਜ਼ੀਲੀਅਰੀਆਂ ਤੋਂ ਨੰਬਰ ਦੇਣ ਦੀ ਬਜਾਏ ਅੱਡ ਨੰਬਰ ਦਿੱਤੇ ਗਏ ਹਨ। ਉਦਾਹਰਣ ਵਜੋਂ ਮੁੱਖ ਵਰਗ 78 'ਸੰਗੀਤ' ਹੇਠ ਵਿਸ਼ੇਸ਼ ਆਰਗਜ਼ੀਲੀਅਰੀਆਂ .01-.09 ਵਿਚ ਸੰਗੀਤ ਦੇ ਬਹੁਤ ਸਾਰੇ ਸੰਕਲਪਾਂ, ਜਿਵੇਂ ਕਿ-ਤਕਨੀਕ, ਸਟਾਈਲ, ਕੰਪੋਜੀਸ਼ਨ, ਇਤਿਆਦਿ ਦੀ ਸੂਚੀ ਦਿਤੀ ਗਈ ਹੈ। ਜਦੋਂ ਕਿ 781/789 ਤਕ ਨੰਬਰਾਂ ਵਿਚ ਸੰਗੀਤ ਦੇ ਸਿਧਾਂਤ, ਸੰਗੀਤ ਦੀਆਂ ਕਿਸਮਾਂ, ਵਿਅਕਤੀਗਤ ਸਾਜ਼ਾਂ ਲਈ ਸੰਗੀਤ ਆਦਿ ਪੱਖਾਂ ਦੀ ਗਿਣਤੀ ਕੀਤੀ ਗਈ ਹੈ। ਹਵਾਲਾ ਕ੍ਰਮ ਨਿਰਧਾਰਤ ਕਰਨ ਲਈ ਸਾਰਣੀਆਂ ਵਿਚ ਸਪਸ਼ਟ ਹਿਦਾਇਤ ਦਿਤੀ ਗਈ ਹੈ। ਉਦਾਹਰਣ

ਵਜੋਂ 4 ''ਭਾਸ਼ਾ ਵਿਗਿਆਨ'' ਹੇਠ 40 ਆਮ ਪ੍ਰਸ਼ਨ ਨਾਲ ਹਿਦਾਇਤ ਹੈ ''ਕਿ ਕਿਸੇ ਵਿਸ਼ੇਸ਼ ਭਾਸ਼ਾ ਲਈ 42/49 ਵਿਚੋਂ ਭਾਸ਼ਾ ਨੰਬਰ ਨਾਲ 40 ਦੀ ਉਪ-ਵੰਡਾਂ ਵਿਚੋਂ ਕੋਈ ਵੀ ਨੰਬਰ ਕੋਲਨ (:) ਚਿੰਨ੍ਹ ਵਰਤ ਕੇ ਜਾਂ ਡੈਸ਼ (–) ਚਿੰਨ੍ਹ ਵਰਤ ਕੇ ਲਗਾਇਆ ਜਾ ਸਕਦਾ ਹੈ; ਜਿਵੇਂ ਕਿ ਅੰਗ੍ਰੇਜ਼ੀ ਉਪਭਾਸ਼ਾਵਾਂ ਲਈ 420:408.7 ਜਾਂ 420–087 ਨੰਬਰ ਬਣਾਏ ਜਾ ਸਕਦੇ ਹਨ।

## 2.7 ਅੱਖਰਵਾਰ ਅਨੁਕ੍ਰਮਣਿਕਾ

ਯੂਡੀਸੀ ਦੇ ਤੀਜੇ ਸੰਖਿਪਤ ਅੰਗ੍ਰੇਜ਼ੀ ਸੰਸਕਰਣ ਨੂੰ ਬਹੁਤ ਕਿਫਾਇਤੀ ਢੰਗ ਨਾਲ ਤਿਆਰ ਕਰਨ ਸਮੇਂ ਸਾਰਣੀਆਂ ਵਿਚ ਉਪਲਬਧ ਲਗਭਗ 12,000 ਮਜ਼ਮੂਨਾਂ ਨੂੰ 20,000 ਇੰਦਰਾਜਾਂ ਦੁਆਰਾ ਪੇਸ਼ ਕੀਤਾ ਗਿਆ ਹੈ। ਅਨੁਕ੍ਰਮਣਿਕਾ ਦੀ ਬਣਤਰ ਵਿਚ ਰੰਗਨਾਥਨ ਦੀ ਲੜੀ ਵਿਧੀ ਦੀ ਝਲਕ ਮਿਲਦੀ ਹੈ। ਅਨੁਕ੍ਰਮਣਿਕਾ ਵਿਚ ਨਿਜੀ ਨਾਂ ਨਹੀਂ ਦਿੱਤੇ ਗਏ। ਇਹ ਵਰਗੀਕ੍ਰਿਤ ਸਾਰਣੀਆਂ ਦੀ ਕੁੰਜੀ ਵਜੋਂ ਮਦਦਗਾਰ ਸਾਬਿਤ ਹੁੰਦਾ ਹੈ। ਅਨੁਕ੍ਰਮਣਿਕਾ ਵਿਚੋਂ ਇਕ ਉਦਾਹਰਣ ਹੇਠ ਦਿੱਤੀ ਜਾਂਦੀ ਹੈ:

| | |
|---|---|
| Capital (capitalism generally) | 330.14 |
| as instrument of production | 338.91 |
| available, management | 658.15 |
| fight of | 332.453.5 |
| investment of | 332.67 |
| National see national wealth | |
| private see private capital productivity of | 338.94 |
| Taxation | 336.21 |

## 2.8 ਸਾਰਾਂਸ਼

ਵੱਖ-ਵੱਖ ਅਦਾਰਿਆਂ ਤੋਂ ਸਮੇਂ-ਸਮੇਂ ਅੰਗ੍ਰੇਜ਼ੀ ਵਿਚ ਯੂਡੀਸੀ ਦੇ ਸੰਖਿਪਤ ਸੰਸਕਰਣ ਦੇ ਲਈ ਉਠਦੀ ਮੰਗ ਦੀ ਪੂਰਤੀ ਲਈ ਬ੍ਰਿਟਿਸ਼ ਸਟੈਂਡਰਡ ਇੰਸਟੀਚਿਊਟ (ਬੀ.ਐਸ.ਆਈ) ਅੰਗ੍ਰੇਜ਼ੀ ਭਾਸ਼ਾ ਵਿਚ ਸੰਖਿਪਤ ਸੰਸਕਰਣ ਪੇਸ਼ ਕਰਦੀ ਰਹੀ ਹੈ। ਯੂਡੀਸੀ ਦਾ 1961 ਵਿਚ ਛਪਿਆ ਤੀਜਾ ਸੰਖਿਪਤ ਸੰਸਕਰਣ ਇਨ੍ਹਾਂ ਵਿਚੋਂ ਇਕ ਹੈ। ਇਸ ਸੰਸਕਰਣ ਵਿਚ ਆਮ ਹਿਦਾਇਤਾਂ, ਮੂਲ ਢਾਂਚਾ, ਸੰਕੇਤਨ, ਆਗਜ਼ੀਲੀਅਰੀ ਸੰਕੇਤਨ, ਆਗਜ਼ੀਲੀਅਰੀਆਂ ਦੀ ਵਰਤੋਂ, ਸੰਯੁਕਤ ਅੰਕ, ਹਵਾਲਾ ਕ੍ਰਮ ਅਤੇ ਬਸਤਾਬੰਦੀ (Filing) ਕ੍ਰਮ ਆਦਿ ਦਾ ਵੇਰਵਾ ਦਿੱਤਾ ਗਿਆ ਹੈ। ਵਿਆਖਿਆਤਮਕ ਭਾਗ ਤੋਂ ਬਾਅਦ ਸਾਂਝੀਆਂ ਆਗਜ਼ੀਲੀਅਰੀਆਂ ਦੀਆਂ ਸਾਰਣੀਆਂ ਅਤੇ ਵਿਸ਼ੇਸ਼ ਆਗਜ਼ੀਲੀਅਰੀਆਂ ਦੀ ਵਰਤੋਂ ਬਾਰੇ ਜਾਣਕਾਰੀ ਦਿੱਤੀ ਗਈ ਹੈ। ਉਸ ਤੋਂ ਬਾਅਦ 26–145 ਤਕ ਦੇ ਪੰਨਿਆਂ ਵਿਚ ਮੁਖ ਉਪ-ਵੰਡਾਂ ਦੀ ਰੂਪ-ਰੇਖਾ ਅਤੇ ਵਰਗਾਂ ਦੀਆਂ ਵਿਆਪਕ ਸਾਰਣੀਆਂ ਮਿਲਦੀਆਂ ਹਨ। ਇਨ੍ਹਾਂ ਸਾਰਣੀਆਂ ਦੀ ਭਰਪੂਰ ਵਰਤੋਂ ਹਿਤ 147 ਤੋਂ 253 ਤਕ ਦੇ ਪੰਨਿਆਂ ਵਿਚਕਾਰ ਵਿਆਪਕ ਅਨੁਕ੍ਰਮਣਿਕਾ ਦਿੱਤੀ ਗਈ ਹੈ। ਅੰਤ ਵਿਚ ਯੂਡੀਸੀ ਦੇ ਸੰਸਕਰਣਾਂ ਦੀ ਇਤਿਹਾਸਕ ਵੰਡ ਵੀ ਮਿਲਦੀ ਹੈ। ਸੰਨ 1961 ਵਿਚ ਯੂਡੀਸੀ ਦਾ ਤੀਜਾ ਅੰਗ੍ਰੇਜ਼ੀ ਸੰਖਿਪਤ ਸੰਸਕਰਣ ਛੋਟੀਆਂ ਅਤੇ ਦਰਮਿਆਨੀ ਆਕਾਰ ਦੀਆਂ ਲਾਇਬ੍ਰੇਰੀਆਂ ਅਤੇ ਸੂਚਨਾ ਕੇਂਦਰਾਂ ਦੀਆਂ ਵਧਦੀਆਂ ਲੋੜਾਂ ਹਿਤ ਰਚਿਆ ਗਿਆ ਸੀ। ਇਸਦੇ ਮੁਢਲੇ ਪਰਿਚੈਕਾਰੀ ਪੰਨਿਆਂ ਵਿਚ ਪ੍ਰਲੇਖਾਂ ਦੇ ਵਰਗੀਕਰਣ ਲਈ ਆਗਜ਼ੀਲੀਅਰੀਆਂ ਅਤੇ ਮੁਖ ਸਾਰਣੀਆਂ ਦੀ ਵਰਤੋਂ ਵਾਸਤੇ ਲੋੜੀਂਦੀਆਂ ਹਿਦਾਇਤਾਂ ਦਿਤੀਆਂ ਗਈਆਂ ਹਨ। ਯੂਡੀਸੀ ਵਿਚ ਵਰਤੇ ਗਏ ਚਿੰਨ੍ਹ, ਸੰਕੇਤ ਅਤੇ ਵੱਖ-ਵੱਖ ਕਿਸਮਾਂ ਦੀਆਂ ਸਾਂਝੀਆਂ ਤੇ ਵਿਸ਼ੇਸ਼ ਆਗਜ਼ੀਲੀਅਰੀਆਂ ਇਸਦੇ ਸੰਸ਼ਲੇਸ਼ਣਾਤਮਕ ਗੁਣਾਂ ਵੱਲ ਇਸ਼ਾਰਾ ਕਰਦੇ ਹਨ। ਅਨੁਕ੍ਰਮਣਿਕਾ ਸਾਰਣੀਆਂ ਵਿਚੋਂ ਵਿਸ਼ੇ ਦਾ ਵਰਗ ਅੰਕ ਲੱਭਣ ਵਿਚ ਭਰਪੂਰ ਮਦਦ ਕਰਦੀ ਹੈ।

## 2.9 ਹਵਾਲੇ ਅਤੇ ਹੋਰ ਪੜ੍ਹਨ ਲਈ

1. **BATTY (David) .** The Universal Decimal Classification. In Encyclopedia of Library and Information Science. Vol.32. New York: Marcel Dekkar. P 125-146.

2. **BOSE (H).** Universal Decimal Classification: Theory and practice. New Delhi: Sterling Publishers. 1990. Pp. 192
3. **FOSKETT (A C).** Universal Decimal Classification. London: Clive Bingley. 1973. P172.
4. **FOSKETT (D J).** Trends in research on UDC. Library Science With Slant to Documentation. 16(June); 1979; 62-64.
5. **MILL (J).** Modern Outline of Library Classification. Bombay: Asia Publishing House. 1962.
6. **MILL (J).** Universal Decimal Classification. New Jersey, VI Rutgers Graduate School of Library Science. 1964. Pp 132
7. **RAJU (AAN).** Universal Decimal Classification. Madras: TR Publications. 1991. Pp 234
8. **SARDANA (JL) and SEGHAL (R L).** Universal Decimal Classification: Structure and Methodology. New Delhi: ESS ESS Publications. 1983. Pp208.
9. **SATYANARAYAN (VVV).** Common auxiliaries in UDC and common isolates in CC: A comparative study in their practice. IASLIC Bulletin. 22 (2); 1977:77-84.
10. **Universal Decimal Classification.** Abridged English Edition. Ed.3. BSI: 1000A: 1961.

ਪਾਠ ਨੰਬਰ : 1.3

ਲੇਖਕ : ਕੇ.ਪੀ. ਸਿੰਘ
ਅਨੁਵਾਦਕ : ਡਾ. ਜਸਮੇਰ ਸਿੰਘ

# ਨਿਰਵਿਸ਼ੇਸ਼ (Generalities)

## ਪਾਠ ਦੀ ਸੰਰਚਨਾ

3.0 ਸਿੱਖਣ ਦੇ ਉਦੇਸ਼
3.1 ਵਿਸ਼ਾ ਖੇਤਰ
3.2 ਵਰਗ ਸਾਰਾਂਸ਼
3.3 ਵਰਗ ਬਾਰੇ ਵਿਆਪਕ ਜਾਣਕਾਰੀ
3.4 ਅਭਿਆਸ
3.5 ਹੋਰ ਪੜ੍ਹਨ ਲਈ

## 3.0 ਸਿੱਖਣ ਦੇ ਉਦੇਸ਼ :

ਜਦੋਂ ਕਿ ਹਰ ਇੱਕ ਵਿਸ਼ੇ ਨੂੰ ਕਿਸੇ ਇੱਕ ਜਾਂ ਦੂਜੇ ਮੁੱਖ ਵਿਸ਼ੇ ਨਾਲ ਜੋੜਿਆ ਜਾ ਸਕਦਾ ਹੋਵੇ ਤਾਂ ਸੱਚੀ-ਮੁੱਚੀ ਨਿਰਵਿਸ਼ੇਸ਼ (Generalities) ਨਾਂ ਦੇ ਵਿਸ਼ੇ ਦੀ ਲੋੜ ਨਹੀਂ ਹੋਣੀ ਚਾਹੀਦੀ। ਦਰਅਸਲ ਕੋਈ ਨਿਰਵਿਸ਼ੇਸ਼ ਜਾਂ ਵਿਆਪਕ ਵਿਸ਼ਾ ਹੈ ਵੀ ਨਹੀਂ, ਕੇਵਲ ਆਮ ਜਾਂ ਵਿਆਪਕ ਪ੍ਰਲੇਖ ਹੁੰਦੇ ਹਨ, ਜਿਨ੍ਹਾਂ ਵਿੱਚ ਵੱਖ-ਵੱਖ ਵਿਸ਼ਿਆਂ ਦੀਆਂ ਗਿਆਨ ਦੀਆਂ ਇਕਾਈਆਂ ਨੂੰ ਲਿਖਿਆ ਹੁੰਦਾ ਹੈ। ਇਸ ਪਾਠ ਵਿੱਚ ਆਮ ਜਾਂ ਵਿਆਪਕ ਵਿਸ਼ੇ ਦੇ ਕਾਰਜ-ਖੇਤਰ, ਸਾਰਾਂਸ਼, ਆਮ ਵਰਗ ਦੀ ਵਿਆਪਕ ਜਾਣਕਾਰੀਆਂ ਅਤੇ ਚੋਣਵੇਂ ਪ੍ਰੈਕਟੀਕਲ ਅਭਿਆਸਾਂ ਬਾਰੇ ਵਿਸਤ੍ਰਿਤ ਅਧਿਐਨ ਕੀਤਾ ਜਾਵੇਗਾ। ਇਸ ਪਾਠ ਨੂੰ ਪੜ੍ਹਨ ਉਪਰੰਤ ਤੁਸੀਂ :

* ਨਿਰਵਿਸ਼ੇਸ਼ ਜਾਂ ਵਿਆਪਕ ਵਿਸ਼ੇ ਅਧੀਨ ਵਿਚਾਰੇ ਗਏ ਪ੍ਰਮੁੱਖ ਵਰਗਾਂ ਦੇ ਕਾਰਜ-ਖੇਤਰ ਅਤੇ ਵਿਸ਼ਿਆਂ ਦੀ ਵਿਆਪਕ ਜਾਣਕਾਰੀ ਹਾਸਲ ਕਰ ਸਕੋਗੇ;
* ਨਿਰਵਿਸ਼ੇਸ਼ ਜਾਂ ਵਿਆਪਕ ਵਿਸ਼ੇ ਦਾ ਸਾਰ ਸਮਝ ਸਕੋਗੇ;
* ਵੱਖ-ਵੱਖ ਵਰਗਾਂ ਵਿੱਚ ਜਟਿਲ ਜਾਂ ਗੁੰਝਲਦਾਰ ਅਤੇ ਸੰਯੁਕਤ ਵਰਗ ਨੰਬਰ ਬਣਾ ਸਕੋਗੇ;
* ਇਸ ਵਰਗ ਨਾਲ ਸਬੰਧਤ ਸਿਰਲੇਖਾਂ ਲਈ ਵਰਗ ਅੰਕ ਬਣਾ ਸਕੋਗੇ; ਅਤੇ
* ਨਿੱਜੀ ਤੌਰ 'ਤੇ ਅਭਿਆਸ ਕਰ ਸਕੋਗੇ ਅਤੇ ਆਪਣੇ ਉੱਤਰਾਂ ਦੀ ਪੜਤਾਲ ਕਰ ਸਕੋਗੇ।

## 3.1 ਵਿਸ਼ਾ ਖੇਤਰ :

ਨਿਰਵਿਸ਼ੇਸ਼ ਜਾਂ ਵਿਆਪਕ ਵਿਸ਼ਾ ਗਿਆਨ ਜਗਤ ਦੇ ਆਮ ਸੰਕਲਪਾਂ ਅਤੇ ਕੁਝ ਵਿਸ਼ੇਸ਼ ਵਿਸ਼ਿਆਂ ਨੂੰ ਬਿਆਨ ਕਰਦਾ ਹੈ। ਇਸ ਵਿੱਚ ਵਿਗਿਆਨ ਅਤੇ ਗਿਆਨ, ਪ੍ਰਲੇਖਨ, ਲਿਖਣ ਕਲਾ, ਬਿਬਲਿਓਗ੍ਰਾਫੀ, ਲਾਇਬ੍ਰੇਰੀਆਂ ਅਤੇ ਲਾਇਬ੍ਰੇਰੀਅਨਸ਼ਿਪ, ਸੰਸਥਾਵਾਂ, ਪ੍ਰਲੇਖ ਅਤੇ ਆਮ ਪ੍ਰਕਾਸ਼ਨਾਵਾਂ ਆਉਂਦੀਆਂ ਹਨ। ਅਗਲੇ ਸੈਕਸ਼ਨ ਵਿੱਚ ਮੁੱਖ ਵਰਗ ਨਿਰਵਿਸ਼ੇਸ਼ (Generalities) ਦੀਆਂ ਵੰਡਾਂ ਅਤੇ ਉਪ-ਵੰਡਾਂ ਦਾ ਤਰਤੀਬਵਾਰ ਬਿਊਰਾ ਦਿੱਤਾ ਗਿਆ ਹੈ। ਆਮ ਪ੍ਰਕਾਸ਼ਨਾਵਾਂ ਵਿੱਚ ਰਸਾਲੇ, ਰੋਜ਼ਾਨਾ ਅਖ਼ਬਾਰਾਂ, ਮਹਾਨ ਕੋਸ਼ ਆਦਿ ਰੱਖੇ ਗਏ ਹਨ, ਪਰ ਇਨ੍ਹਾਂ ਨੂੰ ਦੂਜੀ ਵਰਗੀਕਰਣ ਪ੍ਰਣਾਲੀਆਂ ਦੇ ਰੂਪ (Forms) ਵਾਂਗ ਨਹੀਂ ਮੰਨਿਆ ਗਿਆ ਹੈ। ਇਸ ਸ਼੍ਰੇਣੀ ਵਿੱਚ ਆਮ ਮਹਾਨ ਕੋਸ਼ 03 ਵਿੱਚ ਰੱਖਿਆ ਜਾਵੇਗਾ। ਇਸੀ ਪ੍ਰਕਾਰ ਡਾਇਰੈਕਟਰੀਆਂ, ਵਾਰਸ਼ਿਕ ਪੁਸਤਕਾਂ, ਅਲਮਾਨਕਾਂ ਆਦਿ ਨੂੰ 05 ਵਰਗ ਅੰਕ ਦਿੱਤਾ ਜਾਵੇਗਾ। ਆਉਣ ਵਾਲੇ ਸੈਕਸ਼ਨਾਂ ਵਿੱਚ ਨਿਰਵਿਸ਼ੇਸ਼ (Generalities) ਦੀਆਂ ਮੁੱਖ ਉਪ-ਵੰਡਾਂ ਦੇ ਕਾਰਜ-ਖੇਤਰਾਂ ਅਤੇ ਨੰਬਰ ਬਣਾਉਣ ਦੀ ਤਰਕੀਬ ਦੀ ਵਿਆਖਿਆ ਕੀਤੀ ਗਈ ਹੈ।

**3.2 ਵਰਗ ਸਾਰਾਂਸ਼ :**

00 Prolegomena, Fundamental of Knowledge and Culture
01 Bibliography and Catalogues
02 Libraries and Librarianship
03 Encyclopedias, Dictionaries and Reference Books
04 Essays, Pamphlets, Offprint and Brochures
05 Periodicals and Reviews
06 Corporate Bodies, Institutions, Associations, Congress Exhibitions and Museums
07 Newspapers and Journalism
08 Polygraphies and Collective Works
09 Manuscripts, Rare and Remarkable Works and Curiosa

**3.3 ਵਰਗ ਬਾਰੇ ਵਿਆਪਕ ਜਾਣਕਾਰੀ :**

ਮੁੱਖ ਵਰਗ ਨਿਰਵਿਸ਼ੇਸ਼ (Generalities) ਨੂੰ 10 ਉਪ–ਵਰਗਾਂ ਵਿੱਚ ਵੰਡਿਆ ਗਿਆ ਹੈ; ਅਤੇ ਇਨ੍ਹਾਂ ਵਿੱਚੋਂ ਹਰੇਕ ਨੂੰ ਅੱਗੇ ਤੋਂ ਅੱਗੇ ਹੋਰ ਵਧੇਰੇ ਉਪ–ਵਰਗਾਂ ਵਿੱਚ ਵੰਡਿਆ ਗਿਆ ਹੈ। 00 ਦੀ ਪਹਿਲੀ ਵੰਡ ਵਿੱਚ 001–009 ਵਰਗ ਆਉਂਦੇ ਹਨ। ਇਹ ਕ੍ਰਮਵਾਰ ਗਿਆਨ ਨੂੰ ਨਿਰਵਿਸ਼ੇਸ਼ 'ਤੇ ਬਿਆਨ ਕਰਨ ਵਾਲੀਆਂ ਕਿਰਤਾਂ, ਪ੍ਰਲੇਖਨ, ਵਾਕ–ਰਚਨਾ (Syntactic), ਅਰਥ–ਵਿਗਿਆਨ (Semantics), ਹੱਥ–ਲਿਖਤਾਂ, ਚਿੰਨ੍ਹ ਅਤੇ ਸੰਕੇਤ ਆਦਿ, ਸੰਸਥਾਗਤ ਅਧਿਐਨ, ਪ੍ਰਣਾਲੀ–ਵਿਗਿਆਨ, ਆਦਿ, ਸਭਿਅਤਾ, ਸਭਿਆਚਾਰ ਅਤੇ ਇਨਸਾਨੀਅਤ ਬਾਰੇ ਆਮ ਕਿਰਤਾਂ ਇਸ ਉਪ–ਵੰਡ ਵਿੱਚ ਰੱਖੀਆਂ ਗਈਆਂ ਹਨ। ਮਹੱਤਵਪੂਰਣ ਉਪ–ਵੰਡਾਂ ਵਿੱਚੋਂ ਕੁਝ ਵਿਗਿਆਨ ਦੀ ਪਰਿਭਾਸ਼ਾ ਅਤੇ ਗਿਆਨ ਦੀਆਂ ਹੱਦਾਂ 001.1; ਵਿਗਿਆਨ ਦੀ ਕੀਮਤ ਅਤੇ ਵਿਸ਼ੇਸ਼ਤਾ 001.3; ਵਿਗਿਆਨਿਕ ਸਿਧਾਂਤ ਅਤੇ ਮਨੌਤਾਂ 001.5; ਵਿਗਿਆਨਿਕ ਕਾਨੂੰਨ 001.6; ਕੰਮ ਕਰਨ ਦੇ ਢੰਗ ਅਤੇ ਤਕਨੀਕਾਂ 001.8; ਪ੍ਰਲੇਖਨ ਕੇਂਦਰ 002.6; ਸੁਲੇਖ–ਕਲਾ 003.3; ਆਦਿ ਹਨ।

ਦੂਜੀ ਵੰਡ 01 ਵਿੱਚ ਬਿਬਲਿਊਗ੍ਰਾਫੀਆਂ ਅਤੇ ਸੂਚੀਆਂ ਰੱਖੀਆਂ ਗਈਆਂ ਹਨ ਅਤੇ ਇਹ 011–019 ਤੱਕ ਦੇ ਵਰਗ ਅੰਕਾਂ ਵਿੱਚ ਵੰਡੀਆਂ ਗਈਆਂ ਹਨ। ਯੂਨੀਵਰਸਲ ਅਤੇ ਆਮ ਬਿਬਲਿਊਗ੍ਰਾਫੀਆਂ ਨੂੰ 011 ਵਰਗ ਅੰਕ ਦਿੱਤਾ ਗਿਆ ਹੈ ਅਤੇ ਵਿਸ਼ੇਸ਼ ਵਿਸ਼ਾ ਬਿਬਲਿਊਗ੍ਰਾਫੀਆਂ ਨੂੰ 016 ਵਰਗ ਅੰਕ ਦਿੱਤਾ ਗਿਆ ਹੈ। ਵਿਸ਼ੇਸ਼ ਲੇਖਕਾਂ ਅਤੇ ਸੰਸਥਾਵਾਂ ਦੀਆਂ ਬਿਬਲਿਊਗ੍ਰਾਫੀਆਂ 012 ਵਰਗ ਅੰਕ ਹੇਠ ਰੱਖੀਆਂ ਜਾਂਦੀਆਂ ਹਨ ਅਤੇ ਇਨ੍ਹਾਂ ਦਾ ਵਿਅਕਤੀ ਵਿਸ਼ੇਸ਼ ਦੇ ਨਾਂ ਦੇ ਅੱਖ਼ਰਾਂ ਨਾਲ ਅੱਗੇ ਨਿੱਜੀ ਨੰਬਰ ਬਣਾਇਆ ਜਾ ਸਕਦਾ ਹੈ। ਇੱਕ ਦੇਸ਼ ਦੇ ਲੇਖਕਾਂ ਦੀ ਸਮੂਹਕ ਬਿਬਲਿਊਗ੍ਰਾਫੀ ਨੂੰ 013 ਮੁੱਖ ਵਰਗ ਵਿੱਚ ਰੱਖਿਆ ਜਾਂਦਾ ਹੈ। 014 ਵਰਗ ਅੰਕ ਹੇਠ ਅਗਿਆਤਨਾਮੀ ਜਾਂ ਫਰਜ਼ੀ ਨਾਂ ਨਾਲ ਲਿਖੀਆਂ ਕਿਰਤਾਂ ਰੱਖੀਆਂ ਜਾਂਦੀਆਂ ਹਨ। ਰਾਸ਼ਟਰੀ ਬਿਬਲਿਊਗ੍ਰਾਫੀਆਂ ਜਾਂ ਪ੍ਰਕਾਸ਼ਨ ਸਥਾਨ ਨਾਲ ਜਾਣੀਆਂ ਜਾਂਦੀਆਂ ਕਿਰਤਾਂ ਨੂੰ 015 ਹੇਠ ਰੱਖਿਆ ਜਾਂਦਾ ਹੈ। 017/019 ਤੱਕ ਦੀਆਂ ਵੰਡਾਂ ਵਿੱਚ ਲਾਇਬ੍ਰੇਰੀਆਂ ਦੀਆਂ ਸੂਚੀਆਂ ਅਤੇ ਆਮ ਪੁਸਤਕ–ਵਪਾਰ ਸਬੰਧਤ ਸੂਚੀਆਂ ਰੱਖੀਆਂ ਜਾਂਦੀਆਂ ਹਨ। 018 ਵਿੱਚ ਲੇਖਕ, ਸਿਰਲੇਖ ਅਤੇ ਵਿਸ਼ਾ ਅਨੁਸਾਰ ਤਿਆਰ ਕੀਤੀਆਂ ਅੱਖ਼ਰਵਾਰ ਸੂਚੀਆਂ ਨੂੰ ਥਾਂ ਦਿੱਤੀ ਜਾਂਦੀ ਹੈ। 019 ਵਿੱਚ ਡਿਕਸ਼ਨਰੀ ਸੂਚੀਆਂ ਅਤੇ ਵਿਸ਼ੇਸ਼ ਬਿਬਲਿਊਗ੍ਰਾਫੀਆਂ ਨੂੰ ਰੱਖਿਆ ਜਾਂਦਾ ਹੈ।

ਲਾਇਬ੍ਰੇਰੀਆਂ ਅਤੇ ਲਾਇਬ੍ਰੇਰੀ ਕਿੱਤਾ 02 ਵਿੱਚ ਰੱਖਿਆ ਗਿਆ ਹੈ। 02 ਦੀਆਂ 021/028 ਤੱਕ ਦੀਆਂ ਵੰਡਾਂ ਵਿੱਚ ਵਿਸ਼ੇ ਦੇ ਵੱਖ–ਵੱਖ ਪੱਖ ਜਿਵੇਂ ਕਿ ਕਾਰਜ, ਵਿੱਤ, ਕਾਨੂੰਨਸਾਜ਼ੀ ਨੂੰ 021 ਵਿੱਚ; ਲਾਇਬ੍ਰੇਰੀ ਸਥਾਨ ਅਤੇ ਇਮਾਰਤਾਂ, ਯੋਜਨਾਬੰਦੀ, ਪੁਸਤਕਾਂ ਰੱਖਣ ਦੀ ਥਾਂ, ਸਟੈਕ, ਰੋਸ਼ਨੀ, ਕਮਰੇ ਗਰਮ ਕਰਨਾ ਆਦਿ 022 ਵਿੱਚ;

ਲਾਇਬ੍ਰੇਰੀ ਅਤੇ ਸਟਾਫ਼ ਪ੍ਰਬੰਧ 023 ਵਿੱਚ, ਲਾਇਬ੍ਰੇਰੀ ਨਿਯਮ, ਅਧਿਨਿਯਮ ਅਤੇ ਉਨ੍ਹਾਂ ਦੀ ਵਰਤੋਂ 024 ਵਿੱਚ; ਪ੍ਰਬੰਧਕੀ ਕਾਰਵਾਈਆਂ, ਵਰਗੀਕਰਣ, ਸੂਚੀਕਰਣ, ਇੰਡੈਕਸਿੰਗ, ਸੰਦਰਭ ਕੰਮ ਆਦਿ 025 ਵਿੱਚ; ਅਤੇ ਲਾਇਬ੍ਰੇਰੀਆਂ ਦੀਆਂ ਕਿਸਮਾਂ 026–027 ਵਿੱਚ ਰੱਖੀਆਂ ਗਈਆਂ ਹਨ। ਪੜ੍ਹਨਾ ਅਤੇ ਪਾਠਕਾਂ ਨੂੰ ਨਸੀਹਤ ਦੇਣਾ ਆਦਿ 028 ਵਿੱਚ ਰੱਖੇ ਗਏ ਹਨ।

ਮਹਾਨ ਕੋਸ਼ਾਂ, ਡਿਕਸ਼ਨਰੀਆਂ ਅਤੇ ਸੰਦਰਭ ਪੁਸਤਕਾਂ ਦੀ ਵਰਗੀਕਰਣ 03 ਵੰਡ ਵਿੱਚ ਹੈ। ਨਿਬੰਧ ਸੰਗ੍ਰਹਿ, ਆਫ਼–ਪ੍ਰਿੰਟ, ਰੀ–ਪ੍ਰਿੰਟ, ਪੈਂਫਲਿਟਾਂ ਅਤੇ ਹੋਰ ਕਤਾਬਚੀਆਂ ਨੂੰ 04 ਵਿੱਚ ਰੱਖਿਆ ਗਿਆ ਹੈ।

050 ਤੋਂ 059 ਤੱਕ ਦੀਆਂ ਵੰਡਾਂ 05 ਦੀ ਉਪ–ਵੰਡਾਂ ਹਨ। ਵਪਾਰ ਅਤੇ ਸੰਪਾਦਕੀ ਪ੍ਰਬੰਧ 050 ਵਿੱਚ ਰੱਖੇ ਗਏ ਹਨ। ਅਲਮਾਨਕਾਂ, ਕੈਲੰਡਰ ਅਤੇ ਜੰਤਰੀਆਂ 059 ਵਿੱਚ ਰੱਖੇ ਜਾਂਦੇ ਹਨ।

